ਮੰਗਲਵਾਰ, 3 ਜੂਨ, 2025
22 ਜੇਠ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 2

ਰੋਜ਼ਾਨਾ
ਨਵਾਂ ਜ਼ਮਾਨਾ

DAILY NAWAN ZAMANA • TUESDAY, 3 JUNE, 2025
ਜਲੰਧਰ

ਕੀਮਤ/PRICE : 5.00 ਰੁਪਏ | Regd. No : L-4/Pb-JL-0023/2024-26, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

ਲੈਂਡ ਪੂਲਿੰਗ ਨੂੰ ਕੈਬਿਨਟ ਦੀ ਮਨਜ਼ੂਰੀ

ਚੰਡੀਗੜ੍ਹ (ਗੁਰਜੀਤ ਬਿੱਲਾ/ਕ੍ਰਿਸ਼ਨ ਗਰਗ)

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਕੈਬਿਨਟ ਨੇ ਯੋਜਨਾਬੱਧ ਤੇ ਚਿਰ ਸਥਾਈ ਵਿਕਾਸ ਨੂੰ ਉਤਸ਼ਾਹਤ ਕਰਨ ਲਈ ਸੂਬੇ ਵਿੱਚ ਨਵੀਂ ਤੇ ਪ੍ਰਗਤੀਸ਼ੀਲ ਲੈਂਡ ਪੂਲਿੰਗ ਨੀਤੀ ਲਿਆਉਣ ਨੂੰ ਸੋਮਵਾਰ ਪ੍ਰਵਾਨਗੀ ਦੇ ਦਿੱਤੀ।

ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਨਵੀਂ ਨੀਤੀ ਦਾ ਮੰਤਵ ਜ਼ਮੀਨ ਮਾਲਕਾਂ, ਪ੍ਰੋਮੋਟਰਾਂ ਅਤੇ ਕੰਪਨੀਆਂ ਨੂੰ ਵਿਕਾਸ ਪ੍ਰਕਿਰਿਆ ਵਿੱਚ ਭਾਈਵਾਲਾਂ ਵਜੋਂ ਸ਼ਾਮਲ ਕਰਨਾ ਅਤੇ ਜ਼ਮੀਨ ਮਾਲਕਾਂ ਦੀ ਲੈਂਡ ਪੂਲਿੰਗ ਵਿੱਚ ਦਿਲਚਸਪੀ ਵਧਾਉਣਾ ਹੈ। ਇਸ ਸੋਧੀ ਸਕੀਮ ਨੂੰ ਜ਼ਮੀਨ ਮਾਲਕਾਂ ਨੂੰ ਵਧੇਰੇ ਬਦਲ ਮੁਹੱਈਆ ਕਰ ਕੇ ਛੋਟੇ ਅਤੇ ਹਾਸ਼ੀਏ ਉੱਤੇ ਧੱਕੇ ਕਿਸਾਨਾਂ ਨੂੰ ਲਾਭ ਪਹੁੰਚਾਉਣ ਲਈ ਤਰਕਸੰਗਤ ਬਣਾਇਆ ਗਿਆ ਹੈ, ਜਿਸ ਨਾਲ ਸੂਬੇ ਵਿੱਚ ਗਰੁੱਪ ਹਾਊਸਿੰਗ ਅਤੇ ਯੋਜਨਾਬੱਧ ਵਿਕਾਸ ਨੂੰ ਹੋਰ ਹੁਲਾਰਾ ਮਿਲੇਗਾ, ਤਾਂ ਜੋ ਆਖ਼ਰਕਾਰ ਆਮ ਆਦਮੀ ਨੂੰ ਲਾਭ ਪਹੁੰਚ ਸਕੇ। ਇਸ ਨੀਤੀ ਨੂੰ ਸਮੁੱਚੀ ਪ੍ਰਕਿਰਿਆ ਵਿੱਚ ਹਰੇਕ ਭਾਈਵਾਲ ਨੂੰ ਜੋੜ ਕੇ ਸਰਬਪੱਖੀ ਵਿਕਾਸ ਯਕੀਨੀ ਬਣਾਉਣ ਲਈ ਘੜਿਆ ਗਿਆ ਹੈ।

ਇਹ ਨਵੀਂ ਨੀਤੀ ਸੂਬੇ ਵਿੱਚ ਵੱਡੀ ਤਬਦੀਲੀ ਦਾ ਸਬੱਬ ਬਣੇਗੀ, ਕਿਉਂਕਿ ਇਹ ਕਿਸਾਨਾਂ ਨੂੰ ਵੱਡੇ ਲਾਭ ਪ੍ਰਦਾਨ ਕਰੇਗੀ। ਕਿਸਾਨਾਂ ਦਾ ਹੋਰ ਸ਼ੋਸ਼ਣ ਨਹੀਂ ਹੋਵੇਗਾ ਅਤੇ ਇਸ ਨੀਤੀ ਤਹਿਤ ਕਿਸਾਨਾਂ ਨੂੰ ਸਿੱਧੇ ਤੌਰ 'ਤੇ ਕਰੋੜਾਂ ਰੁਪਏ ਦਾ ਲਾਭ ਹੋਵੇਗਾ। ਕੋਈ ਵੀ ਨਿੱਜੀ ਡਿਵੈੱਲਪਰ ਜਾਂ ਭੂ-ਮਾਫੀਆ ਕਿਸਾਨਾਂ ਦਾ ਸ਼ੋਸ਼ਣ ਨਹੀਂ ਕਰ ਸਕਦਾ, ਕਿਉਂਕਿ ਨੀਤੀ ਇਹ ਯਕੀਨੀ ਬਣਾਉਂਦੀ ਹੈ ਕਿ ਕਿਸਾਨਾਂ ਨੂੰ ਪ੍ਰਾਈਵੇਟ ਡਿਵੈੱਲਪਰਾਂ ਦੁਆਰਾ ਕੀਤੇ ਜਾਣ ਵਾਲੇ ਸ਼ੋਸ਼ਣ ਤੋਂ ਸੁਰੱਖਿਅਤ ਰੱਖਿਆ ਜਾਵੇ।

ਇਸ ਨੀਤੀ ਤਹਿਤ ਪੂਰਾ ਅਧਿਕਾਰ ਕਿਸਾਨ ਕੋਲ ਹੈ ਅਤੇ ਇਹ 100 ਫੀਸਦੀ ਕਿਸਾਨ ਦਾ ਫੈਸਲਾ ਹੋਵੇਗਾ ਕਿ ਸਰਕਾਰ ਨੂੰ ਜ਼ਮੀਨ ਦੇਣੀ ਹੈ ਜਾਂ ਨਹੀਂ। ਕਿਸਾਨ ਜਾਂ ਤਾਂ ਆਪਣੀ ਜ਼ਮੀਨ ਰੱਖ ਸਕਦੇ ਹਨ ਅਤੇ ਖੇਤੀ ਜਾਰੀ ਰੱਖ ਸਕਦੇ ਹਨ ਜਾਂ ਇਸ ਨੂੰ ਵੇਚਣ ਦੀ ਚੋਣ ਕਰ ਸਕਦੇ ਹਨ। ਪਹਿਲਾਂ ਵਾਂਗ ਜ਼ਬਰਦਸਤੀ ਕੋਈ ਜ਼ਮੀਨ ਐਕੁਆਇਰ ਨਹੀਂ ਹੋਵੇਗੀ।

ਕਿਸਾਨ ਦੀ ਲਿਖਤੀ ਸਹਿਮਤੀ (ਐੱਨ ਓ ਸੀ) ਤੋਂ ਬਿਨਾਂ ਕੋਈ ਕਾਰਵਾਈ ਨਹੀਂ ਹੋਵੇਗੀ ਅਤੇ ਜ਼ਮੀਨ ਸਿੱਧੇ ਤੌਰ 'ਤੇ ਸਰਕਾਰ ਨੂੰ ਦਿੱਤੀ ਜਾਵੇਗੀ, ਪ੍ਰਾਈਵੇਟ ਡਿਵੈੱਲਪਰਾਂ ਨੂੰ ਨਹੀਂ। ਸਰਕਾਰ ਜ਼ਮੀਨ ਦਾ ਪੂਰੀ ਤਰ੍ਹਾਂ ਵਿਕਾਸ ਕਰੇਗੀ ਅਤੇ ਕਿਸਾਨਾਂ ਨੂੰ ਪਲਾਟ ਵਾਪਸ ਕਰੇਗੀ ਅਤੇ ਇਨ੍ਹਾਂ ਪਲਾਟਾਂ ਵਿੱਚ ਸੜਕਾਂ, ਬਿਜਲੀ ਅਤੇ ਪਾਣੀ ਦੇ ਕੁਨੈਕਸ਼ਨ, ਸੀਵਰੇਜ ਪਾਈਪ, ਸਟਰੀਟ ਲਾਈਟਾਂ ਅਤੇ ਪਾਰਕ ਵਰਗੀਆਂ ਸਾਰੀਆਂ ਸਹੂਲਤਾਂ ਸ਼ਾਮਲ ਹੋਣਗੀਆਂ।

ਇਨ੍ਹਾਂ ਪਲਾਟਾਂ ਦੀ ਕੀਮਤ ਮਾਰਕੀਟ ਭਾਅ ਤੋਂ ਚਾਰ ਗੁਣਾ ਵੱਧ ਹੋਵੇਗੀ। ਹਰੇਕ ਕਿਸਾਨ ਨੂੰ ਸਰਕਾਰ ਤੋਂ ਇਕ ਲਿਖਤੀ ਦਸਤਾਵੇਜ਼ ਪ੍ਰਾਪਤ ਹੋਵੇਗਾ ਅਤੇ ਇਸ ਪੱਤਰ ਵਿੱਚ ਕਿਸਾਨ ਦੇ ਪੂਰੇ ਹੱਕ ਦਾ ਸਪੱਸ਼ਟ ਤੌਰ 'ਤੇ ਜ਼ਿਕਰ ਹੋਵੇਗਾ। ਕਿਸਾਨ 500 ਵਰਗ ਗਜ਼ ਦੇ ਦੋ ਪਲਾਟ ਪ੍ਰਾਪਤ ਕਰਨ ਦੀ ਚੋਣ ਕਰ ਸਕਦੇ ਹਨ ਅਤੇ ਕਿਸਾਨਾਂ ਨੂੰ ਉਹ ਪਲਾਟ ਰੱਖਣ ਜਾਂ ਵੇਚਣ ਦੀ ਪੂਰੀ ਆਜ਼ਾਦੀ ਹੋਵੇਗੀ। ਲਾਭ ਸਿਰਫ਼ ਇਕ ਏਕੜ ਤੱਕ ਸੀਮਤ ਨਹੀਂ ਹੈ ਅਤੇ ਕਿਸਾਨ ਜਿੰਨੀ ਜ਼ਿਆਦਾ ਦਾ ਯੋਗਦਾਨ ਪਾਉਂਦਾ ਹੈ, ਉਨਾ ਹੀ ਜ਼ਿਆਦਾ ਮੁਨਾਫ਼ਾ ਹੋਵੇਗਾ।ਇਸ ਤੋਂ ਇਲਾਵਾ ਭਾਈਵਾਲੀ ਰਾਹੀਂ ਵਾਧੂ ਲਾਭ ਹੋਣਗੇ ਕਿਉਂਕਿ ਜੇ ਕੋਈ ਕਿਸਾਨ ਨੌਂ ਏਕੜ ਦਾ ਯੋਗਦਾਨ ਪਾਉਂਦਾ ਹੈ ਤਾਂ ਉਸ ਨੂੰ ਤਿੰਨ ਏਕੜ ਵਿਕਸਤ ਗਰੁੱਪ ਹਾਊਸਿੰਗ ਜ਼ਮੀਨ ਮਿਲੇਗੀ। ਜੇ ਕਈ ਕਿਸਾਨ ਸਰਕਾਰ ਲਈ 50 ਏਕੜ ਜ਼ਮੀਨ ਇਕੱਠੀ ਕਰਦੇ ਹਨ ਤਾਂ ਉਨ੍ਹਾਂ ਨੂੰ ਬਦਲੇ ਵਿੱਚ 30 ਏਕੜ ਪੂਰੀ ਤਰ੍ਹਾਂ ਵਿਕਸਤ ਜ਼ਮੀਨ ਮਿਲੇਗੀ। ਇਹ ਨੀਤੀ ਭੂਮੀ ਮਾਫ਼ੀਆ ਰਾਜ ਦੇ ਅੰਤ ਅਤੇ ਗੈਰ-ਕਾਨੂੰਨੀ ਕਲੋਨੀਆਂ 'ਤੇ ਪੂਰੀ ਤਰ੍ਹਾਂ ਪਾਬੰਦੀ ਲਾਉਣ ਦੀ ਵਿਵਸਥਾ ਕਰਦੀ ਹੈ।

ਮੰਤਰੀ ਮੰਡਲ ਨੇ ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ ਐਕਟ (ਪਾਪਰਾ), 1995 ਦੇ ਤਹਿਤ ਕਲੋਨੀਆਂ ਨੂੰ ਜਾਰੀ ਕੀਤੇ ਗਏ ਲਾਇਸੈਂਸਾਂ ਦੇ ਅੰਸ਼ਕ ਸਮਰਪਣ ਅਤੇ ਅੰਸ਼ਕ ਰੱਦ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ। ਇਸ ਦੇ ਨਾਲ ਹੀ ਵਜ਼ਾਰਤ ਨੇ ਉਦਯੋਗਿਕ ਪਾਰਕ ਪ੍ਰੋਜੈਕਟਾਂ ਨੂੰ ਜਾਰੀ ਕੀਤੀਆਂ ਗਈਆਂ ਪ੍ਰਵਾਨਗੀਆਂ ਦੇ ਅੰਸ਼ਕ ਰੱਦ ਕਰਨ ਨੂੰ ਵੀ ਆਪਣੀ ਸਹਿਮਤੀ ਦੇ ਦਿੱਤੀ ਹੈ।

ਇਸ ਬਾਰੇ ਇਕ ਨੀਤੀ 10 ਮਾਰਚ ਨੂੰ ਨੋਟੀਫਾਈ ਕੀਤੀ ਗਈ ਸੀ, ਜੋ ਪਾਪਰਾ ਐਕਟ ਅਧੀਨ ਕਲੋਨੀਆਂ ਵਿਕਸਤ ਕਰਨ ਲਈ ਲਾਇਸੈਂਸਾਂ ਦੇ ਸਮਰਪਣ ਅਤੇ ਉਦਯੋਗਿਕ ਪਾਰਕਾਂ ਲਈ ਪ੍ਰਵਾਨਗੀਆਂ ਨਾਲ ਸੰਬੰਧਤ ਹੈ। ਇਹ ਫੈਸਲਾ ਕੁਝ ਸ਼ਰਤਾਂ ਅਧੀਨ ਲਾਇਸੰਸਸ਼ੁਦਾ ਖੇਤਰਾਂ ਦੇ ਅੰਸ਼ਕ ਸਮਰਪਣ ਦੇ ਨਾਲ-ਨਾਲ ਅਜਿਹੇ ਪ੍ਰਾਜੈਕਟਾਂ ਲਈ ਲਾਇਸੈਂਸਾਂ ਨੂੰ ਅੰਸ਼ਕ ਮੁਅੱਤਲ ਜਾਂ ਰੱਦ ਕਰਨ ਦੀ ਆਗਿਆ ਦੇਵੇਗਾ।

ਰਿਹਾਇਸ਼ੀ, ਵਪਾਰਕ ਅਤੇ ਹੋਰ ਜਾਇਦਾਦਾਂ ਦੇ ਪਲਾਟਾਂ ਦੇ ਅਲਾਟੀਆਂ ਅਤੇ ਬੋਲੀਕਾਰਾਂ ਨੂੰ ਕੁੱਲ ਰਕਮ ਦੀ 75 ਫੀਸਦੀ ਰਕਮ ਦੀ ਯਕਮੁਸ਼ਤ ਅਦਾਇਗੀ ਕਰਨ ਲਈ ਉਤਸ਼ਾਹਤ ਕਰਨ ਵਾਸਤੇ ਮੰਤਰੀ ਮੰਡਲ ਨੇ ਅਲਾਟੀਆਂ ਨੂੰ ਕਈ ਰਿਆਇਤਾਂ ਦੇਣ ਦੀ ਪ੍ਰਵਾਨਗੀ ਦੇ ਦਿੱਤੀ। ਅਲਾਟੀਆਂ ਨੂੰ ਯਕਮੁਸ਼ਤ ਅਦਾਇਗੀ ਦੇ ਬਦਲੇ ਪਲਾਟ/ਸਾਈਟ ਦੀ ਕੀਮਤ 'ਤੇ 15 ਫੀਸਦੀ ਛੋਟ ਦਿੱਤੀ ਜਾਵੇਗੀ। ਇਸ ਫੈਸਲੇ ਨਾਲ ਸੂਬਾ ਸਰਕਾਰ ਨੂੰ ਇਕੋ ਵੇਲੇ ਆਮਦਨ ਇਕੱਠੀ ਹੋਵੇਗੀ ਅਤੇ ਅਜਿਹੇ ਮਾਮਲਿਆਂ ਵਿੱਚ ਡਿਫਾਲਟਰਾਂ ਦੀ ਸੂਚੀ ਵੀ ਘਟੇਗੀ।

ਮਾਲੀਆ ਪੈਦਾ ਕਰਕੇ ਸੂਬੇ ਦੇ ਵਿਆਪਕ ਵਿਕਾਸ ਨੂੰ ਯਕੀਨੀ ਬਣਾਉਣ ਦੇ ਮਨੋਰਥ ਨਾਲ ਮੰਤਰੀ ਮੰਡਲ ਨੇ ਰੀਅਲ ਅਸਟੇਟ ਪ੍ਰੋਮੋਟਰਾਂ 'ਤੇ ਲਾਗੂ ਹੁੰਦੀਆਂ ਬਾਹਰੀ ਵਿਕਾਸ ਦਰਾਂ (ਈ ਡੀ ਸੀ), ਜ਼ਮੀਨ ਵਰਤੋਂ ਬਾਰੇ ਤਬਦੀਲੀ (ਸੀ ਐੱਲ ਯੂ) ਦੀਆਂ ਦਰਾਂ, ਲਾਇਸੈਂਸ ਫੀਸ (ਐੱਲ ਐੱਫ) ਅਤੇ ਹੋਰ ਦਰਾਂ ਨੂੰ ਵਧਾਉਣ ਨੂੰ ਵੀ ਪ੍ਰਵਾਨਗੀ ਦੇ ਦਿੱਤੀ।ਇਨ੍ਹਾਂ ਪ੍ਰਮੋਟਰਾਂ ਨੂੰ ਪਾਪਰਾ ਅਧੀਨ ਕਲੋਨੀਆਂ ਦੇ ਨਾਲ-ਨਾਲ ਪੰਜਾਬ ਸਰਕਾਰ ਦੀ ਮੈਗਾ ਪ੍ਰੋਜੈਕਟ ਨੀਤੀ ਅਧੀਨ ਮੈਗਾ ਪ੍ਰੋਜੈਕਟਾਂ ਲਈ ਬਾਹਰੀ ਵਿਕਾਸ ਚਾਰਜ (ਈ ਡੀ ਸੀ) ਜਮ੍ਹਾਂ ਕਰਨ ਦੀ ਲੋੜ ਹੁੰਦੀ ਹੈ। ਇਨ੍ਹਾਂ ਦਰਾਂ ਵਿੱਚ ਤਬਦੀਲੀ ਕਰਨ ਲਈ ਆਖਰੀ ਵਾਰ 06 ਮਈ, 2016 ਨੂੰ ਨੋਟੀਫਾਈ ਕੀਤਾ ਗਿਆ ਸੀ, ਜਿਸ ਵਿੱਚ ਇਹ ਧਾਰਾ ਵੀ ਜੋੜੀ ਗਈ ਸੀ ਕਿ ਇਕ ਅਪ੍ਰੈਲ ਤੋਂ ਹਰ ਸਾਲ 10 ਫੀਸਦੀ ਦੀ ਦਰ ਨਾਲ ਇਨ੍ਹਾਂ ਦਰਾਂ ਵਿੱਚ ਵਾਧਾ ਹੋਵੇਗਾ।

ਹਾਲਾਂਕਿ, ਕੁਝ ਸਾਲਾਂ ਲਈ ਸਰਕਾਰ ਨੇ ਇਸ ਵਾਧੇ ਨੂੰ ਮੁਆਫ ਕਰ ਦਿੱਤਾ ਸੀ। ਇਨ੍ਹਾਂ ਦਰਾਂ ਵਿੱਚ ਇਕ ਅਪ੍ਰੈਲ, 2020 ਤੋਂ ਵਾਧਾ ਕੀਤਾ ਗਿਆ ਸੀ ਅਤੇ ਸਾਲ 2016 ਤੋਂ ਲਗਭਗ 77 ਫੀਸਦੀ ਦਾ ਵਾਧਾ ਹੋਇਆ ਹੈ। ਇਸ ਫੈਸਲੇ ਨਾਲ ਸੀ ਐੱਲ ਯੂ ਦਰਾਂ, ਈ ਡੀ ਸੀ ਦਰਾਂ ਅਤੇ ਲਾਇਸੰਸ ਫੀਸ ਵਿੱਚ ਇਕ ਅਪ੍ਰੈਲ, 2026 ਤੋਂ ਹਰੇਕ ਸਾਲ 10 ਫੀਸਦੀ ਦਾ ਵਾਧਾ ਹੋਵੇਗਾ।

ਪਾਰਟੀ ਕਾਂਗਰਸ ਮੌਕਾ ਵੀ ਤੇ ਚੁਣੌਤੀ ਵੀ : ਬੰਤ ਬਰਾੜ

ਪਾਰਟੀ ਕਾਂਗਰਸ ਸਾਡੇ ਲਈ ਮਾਣ ਵਾਲੀ ਗੱਲ : ਡਾ. ਸਵਰਾਜਬੀਰ

ਨਵਾਂ ਜ਼ਮਾਨਾ ਹਰ ਤਰ੍ਹਾਂ ਦੇ ਸਹਿਯੋਗ ਲਈ ਤਿਆਰ : ਚੰਦ ਫਤਿਹਪੁਰੀ

ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕਾਮਰੇਡ ਬੰਤ ਸਿੰਘ ਬਰਾੜ, ਨਾਲ ਬੈਠੇ ਹਨ ਡਾ. ਸਵਰਾਜਬੀਰ

ਚੰਡੀਗੜ੍ਹ (ਗਿਆਨ ਸੈਦਪੁਰੀ)

'ਭਾਰਤੀ ਕਮਿਊਨਿਸਟ ਪਾਰਟੀ ਦੀ 25ਵੀਂ ਪਾਰਟੀ ਕਾਂਗਰਸ ਸਤੰਬਰ ਮਹੀਨੇ ਵਿੱਚ ਉਸ ਮੌਕੇ ਹੋ ਰਹੀ ਹੈ, ਜਦੋਂ ਪੰਜਾਬ ਵਿੱਚ ਬੁਰਜੂਆ ਸਿਆਸੀ ਪਾਰਟੀਆਂ ਦੀ ਰਾਜਨੀਤੀ ਤੋਂ ਲੋਕ ਉਕਤਾਅ ਚੁੱਕੇ ਹਨ, ਨਿਰਾਸ਼ ਹਨ, ਉਦਾਸ ਹਨ। ਉਹ ਅੱਗੇ ਦੇ ਰਸਤੇ ਦੀ ਭਾਲ ਵਿੱਚ ਹਨ। ਪਾਰਟੀ ਕਾਂਗਰਸ ਦੇ ਸਬੱਬ ਕਮਿਊਨਿਸਟ ਪਾਰਟੀ ਲਈ ਉਭਰਨ ਦਾ ਵੀ ਮੌਕਾ ਹੈ ਤੇ ਸ਼ਾਨਾਮੱਤੇ ਇਤਿਹਾਸ ਨੂੰ ਲੋਕਾਂ ਦੇ ਸਨਮੁੱਖ ਕਰਨ ਦਾ ਵੀ, ਉਕਤ ਸਾਰ ਤੱਤ ਹੈ, ਉਸ ਵਿਚਾਰ ਵਟਾਂਦਰੇ ਦਾ, ਜੋ ਸੀ ਪੀ ਆਈ ਦੇ ਸੋਸ਼ਲ ਮੀਡੀਆ ਵਿਭਾਗ ਦੀ ਮੀਟਿੰਗ ਵਿੱਚ ਹੋਇਆ। ਪੀਪਲਜ਼ ਕਨਵੈਨਸ਼ਨ ਸੈਂਟਰ ਚੰਡੀਗੜ੍ਹ ਵਿੱਚ ਹੋਈ ਮੀਟਿੰਗ ਦੀ ਪ੍ਰਧਾਨਗੀ ਉੱਘੇ ਚਿੰਤਕ ਤੇ ਪੱਤਰਕਾਰ ਡਾ. ਸਵਰਾਜਬੀਰ ਸਿੰਘ ਨੇ ਕੀਤੀ। ਮੀਟਿੰਗ ਵਿੱਚ ਸੀ ਪੀ ਆਈ ਦੇ ਆਗੂ, ਸਾਹਿਤਕਾਰ, ਪੱਤਰਕਾਰ, ਵੱਖ-ਵੱਖ ਚੈਨਲਾਂ ਦੇ ਸੰਚਾਲਕ ਅਤੇ ਪਾਰਟੀ ਕਾਰਕੁਨ ਸ਼ਾਮਲ ਹੋਏ।

ਡਾ. ਸਵਰਾਜਬੀਰ ਨੇ ਵਿਚਾਰ-ਵਟਾਂਦਰੇ ਦੀ ਸ਼ੁਰੂਆਤ ਕਰਦਿਆਂ ਕਿਹਾ ਕਿ ਸਾਡੇ ਲਈ ਮਾਣ ਦੀ ਗੱਲ ਹੈ ਕਿ ਸੀ ਪੀ ਆਈ ਦੀ 25ਵੀਂ ਕਾਂਗਰਸ ਪਾਰਟੀ ਦੀ ਪੰਜਾਬ ਇਕਾਈ ਕਰਵਾ ਰਹੀ ਹੈ। ਇਸ ਅਹਿਮ ਕੰਮ ਨੂੰ ਨੇਪਰੇ ਚਾੜ੍ਹਨ ਲਈ ਪਾਰਟੀ ਪੂਰੇ ਉਤਸ਼ਾਹ ਵਿੱਚ ਹੈ। ਸੰਬੰਧਤ ਸਾਰੀਆਂ ਧਿਰਾਂ ਖੁਸ਼ੀ ਦੇ ਰੌਅ ਵਿੱਚ ਹਨ। ਉਨ੍ਹਾਂ ਕਿਹਾ ਕਿ ਇਸ ਵੇਲੇ ਦੋ ਟੀ ਵੀ ਚੈਨਲਾਂ ਨੂੰ ਤਕੜੇ ਹੋ ਕੇ ਚਲਾਉਣ ਦਾ ਵਿਚਾਰ ਸਾਡੇ ਸਾਹਮਣੇ ਹੈ। ਇੱਕ ਪਾਰਟੀ ਦੀਆਂ ਖ਼ਬਰਾਂ ਵਗੈਰਾ ਲਈ ਤੇ ਦੂਸਰਾ ਸਾਹਿਤਕ ਹੋਵੇ। ਉਨ੍ਹਾਂ ਨੇ ਰੋਜ਼ਾਨਾ ਨਵਾਂ ਜ਼ਮਾਨਾ ਤੇ ਨਵਾਂ ਜ਼ਮਾਨਾ ਵੈੱਬ ਟੀ ਵੀ ਦਾ ਉਚੇਚ ਨਾਲ ਜ਼ਿਕਰ ਕੀਤਾ।

ਪਾਰਟੀ ਕਾਂਗਰਸ ਲਈ ਟੀਜ਼ਰ ਬਣਾਉਣ ਦੀ ਗੱਲ ਕਰਦਿਆਂ ਡਾ. ਸਵਰਾਜਬੀਰ ਨੇ ਕਿਹਾ ਕਿ ਇਨ੍ਹਾਂ ਵਾਸਤੇ ਚੰਗੀਆਂ ਅਵਾਜ਼ਾਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ। ਇਸੇ ਸੰਦਰਭ ਵਿੱਚ ਮਹਾਨ ਗਾਇਕਾ ਸੁਰਿੰਦਰ ਕੌਰ ਦੀ ਧੀ ਨਾਲ ਗੱਲ ਹੋ ਚੁੱਕੀ ਹੈ। ਸੀ ਪੀ ਆਈ ਦੀ ਪੰਜਾਬ ਇਕਾਈ ਦੇ ਸਕੱਤਰ ਕਾਮਰੇਡ ਬੰਤ ਸਿੰਘ ਬਰਾੜ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪਾਰਟੀ ਕਾਂਗਰਸ ਜਿੱਥੇ ਸਾਡੇ ਲਈ ਮਹੱਤਵਪੂਰਨ ਮੌਕਾ ਹੈ, ਉੱਥੇ ਇੱਕ ਚੁਣੌਤੀ ਵੀ ਹੈ। ਉਨ੍ਹਾ ਕਿਹਾ ਕਿ ਪਾਰਟੀ ਦੇ ਇਤਿਹਾਸ ਤੋਂ ਲੋਕਾਂ ਨੂੰ ਕਿਹੜੇ ਢੰਗ-ਤਰੀਕਿਆਂ ਨਾਲ ਜਾਣੂ ਕਰਵਾਇਆ ਜਾਵੇ, ਇਸ ਦੇ ਟੀਚਿਆਂ ਦਾ ਪ੍ਰਚਾਰ ਕਿਸ ਤਰ੍ਹਾਂ ਕਰਨਾ ਹੈ, ਇਸ ਬਾਰੇ ਤਜਰਬੇਕਾਰ ਵਿਅਕਤੀਆਂ ਕੋਲੋਂ ਅਗਵਾਈ ਲੈ ਕੇ ਅੱਗੇ ਤੁਰਿਆ ਜਾ ਰਿਹਾ ਹੈ। ਨਵਾਂ ਜ਼ਮਾਨਾ ਦੇ ਸੰਪਾਦਕ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਵੈੱਬ ਟੀ ਵੀ ਦੀਆਂ ਸੀਮਾਵਾਂ ਤੇ ਸਮੱਰਥਾਵਾਂ ਦੀ ਗੱਲ ਕਰਦਿਆਂ ਇਸ ਵੱਲੋਂ ਪਾਰਟੀ ਕਾਂਗਰਸ ਲਈ ਪਾਏ ਜਾ ਸਕਣ ਵਾਲੇ ਯੋਗਦਾਨ ਦੀ ਵਿਆਖਿਆ ਕੀਤੀ। ਉਨ੍ਹਾ ਹਰ ਤਰ੍ਹਾਂ ਦੇ ਸਹਿਯੋਗ ਦਾ ਯਕੀਨ ਦਿਵਾਉਂਦਿਆਂ ਪਾਰਟੀ ਕਾਰਕੁਨਾਂ ਨੂੰ ਵੈੱਬ ਟੀ ਵੀ ਵੱਲ ਵੱਧ ਤਵੱਜੋ ਦੇਣ ਦਾ ਸੁਝਾਅ ਵੀ ਦਿੱਤਾ।

ਡਾ. ਸਰਬਜੀਤ ਸਿੰਘ ਨੇ ਵਿਚਾਰ-ਵਟਾਂਦਰੇ ਦਾ ਹਿੱਸਾ ਬਣਦਿਆਂ ਕਿਹਾ ਕਿ ਸੋਚਣਾ ਬਣਦਾ ਹੈ ਕਿ ਜਦੋਂ ਪ੍ਰਚਾਰ ਦੇ ਸਾਧਨ ਸੀਮਤ ਸਨ ਤਾਂ ਪਾਰਟੀ ਦਾ ਪ੍ਰਚਾਰ ਵੱਧ ਸੀ, ਹੁਣ ਜਦੋਂ ਸਾਧਨ ਵਧੇਰੇ ਹਨ ਤਾਂ ਪ੍ਰਚਾਰ ਘੱਟ ਹੈ। ਉਨ੍ਹਾ ਕਿਹਾ ਕਿ ਸੋਸ਼ਲ ਮੀਡੀਆ ਨੂੰ ਸੱਭਿਆਚਾਰਕ ਰੰਗ ਨਾਲ ਵਰਤਣਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਸਾਡਾ ਟਾਰਗੈਟ ਯੰਗ ਜਨਰੇਸ਼ਨ ਹੋਣਾ ਚਾਹੀਦਾ ਹੈ।

ਡਾ. ਸੁਖਦੇਵ ਸਿੰਘ ਸਿਰਸਾ ਨੇ ਕਿਹਾ ਕਿ ਪ੍ਰਚਾਰ ਸਮੇਂ ਹਰ ਤਰ੍ਹਾਂ ਦੀਆਂ ਪੇਸ਼ਕਾਰੀਆਂ ਵਿੱਚ ਵਿਚਾਰਧਾਰਕ ਪੱਖ ਅੱਗੇ ਰੱਖਣਾ ਹੋਵੇਗਾ। ਉਨ੍ਹਾ ਕਿਹਾ ਕਿ ਪਾਰਟੀ ਨੂੰ ਕਲਾ ਅਤੇ ਕਲਾਕਾਰਾਂ ਬਾਰੇ ਪਹੁੰਚ ਬਦਲਣੀ ਚਾਹੀਦੀ ਹੈ। ਸਮਾਗਮਾਂ ਵਿੱਚ ਉਨ੍ਹਾਂ ਨੂੰ ਉਚਿੱਤ ਸਮੇਂ ਪੇਸ਼ਕਾਰੀਆਂ ਦਾ ਮੌਕਾ ਦਿੱਤਾ ਜਾਵੇ। ਡਾ. ਸਿਰਸਾ ਨੇ ਪਾਰਟੀ ਕਾਂਗਰਸ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਹੋਰ ਵੀ ਮੁੱਲਵਾਨ ਸੁਝਾਅ ਦਿੱਤੇ। ਸਾਥੀ ਗੁਰਨਾਮ ਕੰਵਰ ਨੇ ਪਾਰਟੀ ਕਾਂਗਰਸ ਦੀ ਸਫ਼ਲਤਾ ਲਈ ਚੱਲ ਰਹੀਆਂ ਸਰਗਰਮੀਆਂ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ। ਉਨ੍ਹਾ

• ਬਾਕੀ ਸਫਾ 2 'ਤੇ

ਕਰਨਾਟਕ 'ਚ ਵਿਦਿਆਰਥੀ ਮਾਸਕ ਪਾ ਕੇ ਸਕੂਲ ਪੁੱਜੇ

ਬੇਂਗਲੁਰੂ : ਗਰਮੀਆਂ ਦੀਆਂ ਛੁੱਟੀਆਂ ਤੋਂ ਬਾਅਦ ਸੋਮਵਾਰ ਕਰਨਾਟਕ ਭਰ ਦੇ ਸਕੂਲ ਮੁੜ ਖੁੱਲ੍ਹ ਗਏ। ਇਸ ਦੌਰਾਨ ਸੂਬੇ ਵਿੱਚ 'ਚ ਕੋਵਿਡ-19 ਮਾਮਲਿਆਂ ਦੇ ਵਾਧੇ ਵਿਚਕਾਰ ਬੇਂਗਲੁਰੂ ਦੇ ਸਕੂਲਾਂ ਵਿੱਚ ਵਿਦਿਆਰਥੀ ਸਾਵਧ

3-JUNE-PAGE-1.qxd 6/2/2025 8:58 PM Page 2

ਜਵਾਹਰ ਸਿੰਘ ਵਾਲਾ-ਭਾਗੀਕੇ ਸੜਕ 'ਚ ਪਏ ਖੱਡੇ ਲੋਕਾਂ ਦੀ ਜਾਨ ਲਈ ਬਣੇ ਖਤਰਾ

ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)-ਜਵਾਹਰ ਸਿੰਘ ਵਾਲਾ ਤੋਂ ਲੈ ਕੇ ਪਿੰਡ ਭਾਗੀਕੇ ਤੱਕ ਮੁੱਖ ਸੜਕ 'ਤੇ ਪਏ ਖੱਡੇ ਆਮ ਲੋਕਾਂ ਦੀ ਜ਼ਿੰਦਗੀ ਲਈ ਖਤਰਾ ਬਣੇ ਹੋਏ ਹਨ, ਹਰ ਰੋਜ਼ ਕੋਈ ਨਾ ਕੋਈ ਹਾਦਸਾ ਵਾਪਰ ਰਿਹਾ ਹੈ, ਜੋ ਇਨ੍ਹਾਂ ਖੱਡਿਆਂ ਦੇ ਕਾਰਨ ਹੁੰਦਾ ਹੈ। ਵਿਸ਼ੇਸ਼ ਕਰਕੇ ਮੋਟਰਸਾਈਕਲ ਸਵਾਰਾਂ ਤੇ ਸਕੂਲ ਜਾਂ ਦਫਤਰ ਜਾਣ ਵਾਲੇ ਲੋਕਾਂ ਲਈ ਇਹ ਖੱਡੇ ਵੱਡੀ ਮੁਸੀਬਤ ਦਾ ਕਾਰਨ ਬਣਦੇ ਹਨ। ਸਥਾਨਕ ਸ਼ਹਿਰ ਵਾਸੀਆਂ ਦਾ ਕਹਿਣਾ ਹੈ ਕਿ ਇਨ੍ਹਾਂ ਸੜਕਾਂ ਦੀ ਹਾਲਤ ਲਗਾਤਾਰ ਬੇਹਾਲ ਹੋ ਰਹੀ ਹੈ। ਪਿਛਲੇ ਕੁੱਝ ਹਫਤਿਆਂ ਦੌਰਾਨ ਇਸ ਸੜਕ 'ਤੇ ਪਏ ਵੱਡੇ ਖੱਡਿਆਂ ਕਾਰਨ ਅਨੇਕਾਂ ਲੋਕ ਹਾਦਸਿਆਂ ਦਾ ਸ਼ਿਕਾਰ ਹੋ ਚੁੱਕੇ ਹਨ, ਪਰ ਇਸ ਸਭ ਦੇ ਬਾਵਜੂਦ ਅਜੇ ਤੱਕ ਕੋਈ ਠੋਸ ਕਦਮ ਨਹੀਂ ਚੁੱਕਿਆ ਗਿਆ। ਨਿਹਾਲ ਸਿੰਘ ਵਾਲਾ ਦੇ ਜਤਿੰਦਰ ਪਾਲ ਜੋਸ਼ੀ ਨੇ ਦੱਸਿਆ ਕਿ ਸਵੇਰ ਸਮੇਂ ਲੋਕ ਆਪਣੇ ਬੱਚਿਆਂ ਨੂੰ ਸਕੂਲ ਛੱਡਣ ਜਾਂਦੇ ਸਮੇਂ ਹਮੇਸ਼ਾ ਡਰ ਬਣਿਆ ਰਹਿੰਦਾ ਹੈ ਕਿ ਮੋਟਰਸਾਈਕਲ ਖੱਡੇ 'ਚ ਡਿੱਗ ਨਾ ਜਾਵੇ। ਇਹ ਸਿਰਫ਼ ਸੜਕ ਨਹੀਂ ਸਾਡੀ ਜਾਨ ਦਾ ਸਵਾਲ ਹੈ। ਇੱਕ ਹੋਰ ਨਿਵਾਸੀ ਸਨਦੀਪ ਸਿੰਘ ਤੇ ਦਰਸ਼ਨ ਸਿੰਘ ਹਿੰਮਤਪੁਰਾ ਜਨਰਲ ਸਕੱਤਰ ਪੰਜਾਬ ਖੇਤ ਮਜ਼ਦੂਰ ਯੂਨੀਅਨ ਹਿੰਮਤਪੁਰਾ ਨੇ ਕਿਹਾ ਕਿ ਜੇਕਰ ਸਰਕਾਰ ਨੇ ਸੜਕ ਨਵੀਂ ਨ੍ਹੀਂ ਬਣਾਉਣੀ ਤਾਂ ਘੱਟੋ ਘੱਟ ਇਨ੍ਹਾਂ ਖੱਡਿਆਂ ਨੂੰ ਭਰਵਾਇਆ ਜਾਵੇ। ਇਸ ਸਬੰਧੀ ਪਿੰਡਾਂ ਦੇ ਸ਼ਹਿਰੀ ਨਿਵਾਸੀਆਂ ਨੇ ਮੰਗ ਕੀਤੀ ਕਿ ਇਸ ਸੜਕ ਦੀ ਤੁਰੰਤ ਮੁਰੰਮਤ ਕੀਤੀ ਜਾਵੇ। ਉਨ੍ਹਾਂ ਦਾ ਕਹਿਣਾ ਹੈ ਕਿ ਇਨਸਾਨੀ ਜਾਨਾਂ ਨਾਲ ਖੇਡਣ ਦੀ ਇਜਾਜ਼ਤ ਕਿਸੇ ਨੂੰ ਮਿਲ ਨਹੀਂ ਸਕਦੀ। ਸੜਕਾਂ ਦੀ ਮੁਰੰਮਤ ਜਾਂ ਨਵੀਂ ਬਣਤਰ ਦੇ ਬਗੈਰ ਇਹ ਹਾਦਸੇ ਰੁਕਣ ਵਾਲੇ ਨਹੀਂ, ਹੁਣ ਦੇਖਣਾ ਇਹ ਹੈ ਕਿ ਪ੍ਰਸ਼ਾਸਨ ਕਦੋਂ ਅੱਖਾਂ ਖੋਲ੍ਹਦਾ ਹੈ।

ਸਰਕਾਰੀ ਪ੍ਰਾਇਮਰੀ ਸਕੂਲ ਮੈਨੇਜਮੈਂਟ ਕਮੇਟੀ ਦੀ ਚੋਣ

ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਸਰਕਾਰੀ ਪ੍ਰਾਇਮਰੀ ਸਕੂਲ ਮਹਿਲ ਕਲਾਂ ਦੀ ਮੈਨੇਜਮੈਂਟ ਕਮੇਟੀ ਦੀ ਚੋਣ ਸਰਪੰਚ ਕਿਰਨਾ ਰਾਣੀ, ਸਰਪੰਚ ਸਰਬਜੀਤ ਸਿੰਘ ਸ਼ੰਭੂ ਦੀ ਅਗਵਾਈ ਹੇਠ ਵਿਦਿਆਰਥੀਆਂ ਦੇ ਮਾਪਿਆਂ ਤੇ ਦੋਨੇ ਗ੍ਰਾਮ ਪੰਚਾਇਤਾਂ, ਵੱਖ ਵੱਖ ਸ਼ਖਸੀਅਤਾਂ ਦੀ ਹਾਜ਼ਰੀ 'ਚ ਸਰਬਸੰਮਤੀ ਨਾਲ ਹੋਈ।ਇਸ ਦੌਰਾਨ ਚੇਅਰਮੈਨ ਵਿਲੀਅਮ ਭੱਟੀ, ਸਕੱਤਰ ਸ਼ਿੰਦਰ ਕੌਰ ਸਕੂਲ ਮੁਖੀ, ਵਾਈਸ ਚੇਅਰਮੈਨ ਸੁਖਜੰਟ ਸਿੰਘ ਚੁਣੇ ਗਏ, ਜਦੋਂਕਿ ਦਲਬਾਰ ਸਿੰਘ ਵਿੱਦਿਅਕ ਮਾਹਰ, ਸੰਦੀਪ ਕੌਰ (ਪੰਚ) ਸਥਾਨਕ ਅਥਾਰਟੀ, ਭਾਈ ਜਗਸੀਰ ਸਿੰਘ ਖ਼ਾਲਸਾ (ਸਮਾਜ ਸੇਵੀ) ਸਪੈਸ਼ਲ ਮਹਿਮਾਨ ਮੈਂਬਰ, ਸੁਖਵਿੰਦਰ ਸਿੰਘ ਮਹਿਮਾਨ ਮੈਂਬਰ, ਅਮਨਦੀਪ ਕੌਰ ਮੈਂਬਰ ਅਧਿਆਪਕ, ਗੁਰਪ੍ਰੀਤ ਕੌਰ, ਜਸਪ੍ਰੀਤ ਕੌਰ, ਸਿਮਰਜੀਤ ਕੌਰ, ਜਸਵੀਰ ਸਿੰਘ, ਮਨਪ੍ਰੀਤ ਕੌਰ, ਕੁਲਵੰਤ ਸਿੰਘ, ਪ੍ਰਗਟ ਸਿੰਘ, ਵਰਿੰਦਰ ਸਿੰਘ, ਸ਼ਰਨਜੀਤ ਕੌਰ ਮੈਂਬਰ ਚੁਣੇ ਗਏ।ਇਸ ਮੌਕੇ ਨਵੇਂ ਚੁਣੇ ਚੇਅਰਮੈਨ ਵਿਲੀਅਮ ਭੱਟੀ, ਉੱਪ-ਚੇਅਰਮੈਨ ਸੁਖਜੰਟ ਸਿੰਘ ਨੇ ਦੋਵੇਂ ਨਗਰ ਪੰਚਾਇਤਾਂ, ਸਟਾਫ ਮੈਂਬਰਜ਼, ਮੁਹਤਬਰਾਂ ਦਾ ਉਚੇਚਾ ਧੰਨਵਾਦ ਕਰਦਿਆਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਵਧੇਰੇ ਲਗਨ, ਮਿਹਨਤ ਤੇ ਇਮਾਨਦਾਰੀ ਨਾਲ ਨਿਭਾਉਣ ਦਾ ਵਿਸ਼ਵਾਸ ਦੁਆਇਆ।ਇਸ ਸਮੇਂ ਦੋਵੇਂ ਗ੍ਰਾਮ ਪੰਚਾਇਤਾਂ ਵੱਲੋਂ ਨਵੇਂ ਚੁਣੇ ਅਹੁਦੇਦਾਰਾਂ ਨੂੰ ਵਿਸ਼ੇਸ਼ ਤੌਰ'ਤੇ ਸਨਮਾਨਤ ਕਰਦਿਆਂ ਆਪਣੇ ਵੱਲੋਂ ਹਰ ਸੰਭਵ ਸਹਿਯੋਗ ਦਾ ਭਰੋਸਾ ਦਿੱਤਾ।

ਰੰਗਮੰਚ ਵਰਕਸ਼ਾਪ ਦਾ ਪ੍ਰਧਾਨ ਰੱਤੀ ਰਾਮ ਨੇ ਕੀਤਾ ਆਗਾਜ਼

ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)-ਹਰ ਸਾਲ ਦੀ ਤਰ੍ਹਾਂ ਇਸ ਵਾਰ ਬੱਚਿਆਂ ਤੇ ਵੱਡਿਆਂ ਨੂੰ ਕਲਾ ਨਾਲ ਜੋੜਨ, ਸਭ ਦੇ ਅੰਦਰ ਛੁਪੀਆਂ ਕਲਾਵਾਂ ਨੂੰ ਉਜਾਗਰ ਕਰਨ ਤੇ ਨਿਖਾਰਨ ਸਬੰਧੀ 'ਰੰਗਮੰਚ ਫ਼ਿਲਮ ਅਦਾਕਾਰੀ ਵਰਕਸ਼ਾਪ' ਨੌਜਵਾਨ ਭਾਰਤ ਸਭਾ ਵੱਲੋਂ 1 ਜੂਨ 2025 ਤੋਂ 7 ਜੂਨ 2025 ਤੱਕ ਰੋਜ਼ਾਨਾ ਸਵੇਰੇ 10:00 ਵਜੇ ਤੋਂ ਦੁਪਹਿਰ 1:00 ਵਜੇ ਤੱਕ ਭਗਤ ਸਿੰਘ-ਅੰਬੇਡਕਰ ਸੈਮੀਨਾਰ ਹਾਲ, ਦੀਪ ਹਸਪਤਾਲ ਨਿਹਾਲ ਸਿੰਘ ਵਾਲਾ (ਮੋਗਾ) ਵਿਖੇ ਕੀਤੀ ਗਈ।ਵਰਕਸ਼ਾਪ ਡਾਇਰੈਕਟਰ ਵਜੋਂ ਸੇਵਾਵਾਂ ਪੰਜਾਬੀ ਤੇ ਹਿੰਦੀ ਫ਼ਿਲਮ ਜਗਤ ਦੇ ਅਦਾਕਾਰ ਨਿਰਦੇਸ਼ਕ ਸੁਖਦੇਵ ਲੱਧੜ ਵੱਲੋਂ ਦਿੱਤੀਆਂ ਜਾਣੀਆਂ ਹਨ।ਇਸ ਵਰਕਸ਼ਾਪ ਦੀ ਸ਼ੁਰੂਆਤ ਪ੍ਰਧਾਨ ਰੱਤੀ ਰਾਮ (ਸਫ਼ਾਈ ਸੇਵਕ ਯੂਨੀਅਨ, ਨਿਹਾਲ ਸਿੰਘ ਵਾਲਾ) ਵੱਲੋਂ ਰੀਬਨ ਕੱਟ ਕੇ ਕੀਤੀ ਗਈ।ਇਸ ਮੌਕੇ ਡਾਕਟਰ ਹਰਗੁਰਪ੍ਰਤਾਪ ਸਿੰਘ (ਦੀਪ ਹਸਪਤਾਲ), ਚੇਅਰਮੈਨ ਸੁੰਦਰਪਾਲ ਸਿੰਘ (ਸਫ਼ਾਈ ਸੇਵਕ ਯੂਨੀਅਨ, ਨਿਹਾਲ ਸਿੰਘ ਵਾਲਾ), ਭੂਪੇਸ਼ ਗਰਗ, ਅਨਿਲ ਆਰੂੜਾ (ਸੋਨੂੰ), ਨਵਲ ਸਿੰਘ, ਪ੍ਰਧਾਨ ਬਲਵਿੰਦਰ ਸਿੰਘ ਭੱਟੀ (ਦਰਜਾ 4 ਕਰਮਚਾਰੀ ਯੂਨੀਅਨ), ਉੱਘੇ ਸਾਹਿਤਕਾਰ ਲੇਖਕ ਚਰਨਜੀਤ ਸਮਾਲਸਰ, ਸਤਨਾਮ ਸਿੰਘ, ਲੇਖਿਕਾ ਨਿਮਰਤ ਸੁੱਖ ਤੇ ਵਿਦਿਆਰਥੀ ਬੱਚੇ ਹਾਜ਼ਰ ਸਨ।ਜ਼ਿਕਰਯੋਗ ਹੈ ਕਿ ਇਸ ਵਰਕਸ਼ਾਪ ਦੀ ਕੋਈ ਵੀ ਫ਼ੀਸ ਨਹੀਂ ਲਈ ਜਾਣੀ।ਸਾਰੀ ਫ਼ੀਸ ਦੀਪ ਹਸਪਤਾਲ ਨਿਹਾਲ ਸਿੰਘ ਵਾਲਾ (ਮੋਗਾ) ਵੱਲੋਂ ਭਰੀ ਜਾਣੀ ਹੈ।ਇਸ ਵਰਕਸ਼ਾਪ ਵਿੱਚ ਵਿਸ਼ੇਸ਼ ਸਹਿਯੋਗੀ ਕਰਮਜੀਤ ਮਾਣੂੰਕੇ ਤੇ ਡਾਕਟਰ ਹਰਗੁਰਪ੍ਰਤਾਪ ਸਿੰਘ ਹਨ।ਵਰਕਸ਼ਾਪ ਦੌਰਾਨ ਅੱਜ ਦੀਆਂ ਗਤੀਵਿਧੀਆਂ ਵਿੱਚ ਬੱਚਿਆਂ ਨੂੰ ਮੈਡੀਟੇਸ਼ਨ, ਰੰਗਮੰਚੀ ਖੇਡਾਂ, ਸਰੀਰ, ਆਵਾਜ਼ ਤੇ ਦਿਮਾਗ 'ਤੇ ਕੰਮ ਕੀਤਾ ਗਿਆ।ਆਵਾਜ਼ ਦੀ ਕਸਰਤ ਵਰਗੀਆਂ ਖੇਡਾਂ ਵੀ ਕੀਤੀਆਂ ਗਈਆਂ।ਕੱਲ੍ਹ ਲਈ ਸਾਰੇ ਸਿਖਿਆਰਥੀਆਂ ਨੂੰ ਟਾਸਕ ਦਿੱਤੇ ਗਏ।ਬੱਚਿਆਂ ਨੇ ਬੜੇ ਉਤਸ਼ਾਹ ਨਾਲ ਵਰਕਸ਼ਾਪ ਵਿੱਚ ਹਿੱਸਾ ਲਿਆ।

ਸਿਵਲ ਹਸਪਤਾਲ ਵਿਖੇ ਤੰਬਾਕੂ ਦੇ ਮਾੜੇ ਪ੍ਰਭਾਵਾਂ ਬਾਰੇ ਕੀਤਾ ਜਾਗਰੂਕ

ਨਾਭਾ (ਵਰਿੰਦਰ ਵਰਮਾ)-ਸਿਵਲ ਸਰਜਨ ਡਾ. ਜਗਪਾਲ ਇੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੀਨੀਅਰ ਮੈਡੀਕਲ ਅਫ਼ਸਰ ਡਾ. ਵੀਨੂੰ ਗੋਇਲ ਦੀ ਅਗਵਾਈ ਹੇਠ ਸਿਵਲ ਹਸਪਤਾਲ ਨਾਭਾ ਵਿਖੇ ਤੰਬਾਕੂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ ਤੇ ਤੰਬਾਕੂ ਪ੍ਰਯੋਗ ਨਾ ਕਰਨ ਦੀ ਸਹੁੰ ਚੁਕਾਈ ਗਈ।ਇਸ ਮੌਕੇ ਐੱਸ ਐੱਮ ਓ ਡਾ. ਵੀਨੂੰ ਗੋਇਲ ਨੇ ਕਿਹਾ ਕਿ ਸਿਗਰਟਨੋਸ਼ੀ ਤੇ ਤੰਬਾਕੂ ਚਬਾਉਣਾ ਸਭ ਤੋਂ ਭੈੜੀ ਆਦਤ ਹੈ, ਤੰਬਾਕੂ ਧੂੰਏਂ ਵਾਲਾ ਤੇ ਧੂੰਆਂ ਰਹਿਤ ਦੋਵੇਂ ਕਿਸਮ ਦਾ ਹੋ ਸਕਦਾ ਹੈ, ਬੀੜੀ ਸਿਗਰਟ, ਜ਼ਰਦਾ, ਚੈਨੀ ਖੈਨੀ ਆਦਿ ਸਾਰੀਆਂ ਤੰਬਾਕੂ ਦੀਆਂ ਕਿਸਮਾਂ ਹਨ, ਇਨ੍ਹਾਂ ਦੀ ਵਰਤੋਂ ਨੁਕਸਾਨਦੇਹ ਹੈ ਅਤੇ ਕੈਂਸਰ ਵਰਗੀਆਂ ਬੀਮਾਰੀਆਂ ਨੂੰ ਬੁਲਾਵਾ ਦਿੰਦੀਆਂ ਹਨ।ਉਨ੍ਹਾਂ ਕਿਹਾ ਕਿ ਤੰਬਾਕੂ ਦੀ ਵਰਤੋਂ ਨਾਲ ਮੂੰਹ ਦਾ ਕੈਂਸਰ, ਗਲੇ ਦਾ ਕੈਂਸਰ, ਸਾਹ ਨਾਲ ਸਬੰਧਤ ਬੀਮਾਰੀਆਂ, ਦਿਲ ਦੀਆਂ ਬੀਮਾਰੀਆਂ, ਹਾਈ ਬੀ.ਪੀ., ਅਧਰੰਗ ਤੇ ਟੀ.ਬੀ. ਵਰਗੀਆਂ ਬੀਮਾਰੀਆਂ ਹੋ ਸਕਦੀਆਂ ਹਨ।ਤੰਬਾਕੂ ਦੀ ਵਰਤੋਂ ਨਾਲ ਮਰਦਾਂ ਤੇ ਔਰਤਾਂ ਦੀ ਪ੍ਰਜਨਨ ਸ਼ਕਤੀ ਵਿੱਚ ਵੀ ਕਮੀ ਆਉਂਦੀ ਹੈ।ਉਨ੍ਹਾਂ ਕਿਹਾ ਕਿ ਦੁਨੀਆ ਭਰ ਵਿੱਚ ਹਰ ਸਾਲ 60 ਲੱਖ ਲੋਕਾਂ ਦੀ ਮੌਤ ਤੰਬਾਕੂ ਦੀ ਵਰਤੋਂ ਕਾਰਨ ਹੋ ਜਾਂਦੀ ਹੈ ਅਤੇ 6 ਲੱਖ ਲੋਕ ਉਦਾਸੀਨ (ਪੈਸੀਵ) ਤੰਬਾਕੂਨੋਸ਼ੀ ਨਾਲ ਮਰ ਜਾਂਦੇ ਹਨ।80 ਫੀਸਦੀ ਵਿਅਕਤੀਆਂ ਨੂੰ ਮੂੰਹ ਦੇ ਕੈਂਸਰ ਦੇ ਲੱਛਣਾਂ ਬਾਰੇ ਪਤਾ ਨਹੀਂ ਲੱਗਦਾ।ਉਨ੍ਹਾਂ ਕਿਹਾ ਕਿ ਸਿਗਰਟਨੋਸ਼ੀ ਤੇ ਤੰਬਾਕੂਨੋਸ਼ੀ ਦਾ ਪ੍ਰਚਲਣ ਸਕੂਲੀ ਬੱਚਿਆਂ ਤੇ ਨੌਜਵਾਨਾਂ 'ਚ ਵੀ ਵਧ ਰਿਹਾ ਹੈ।ਇਸ ਮੌਕੇ ਹੈਲਥ ਇੰਸਪੈਕਟਰ ਸਤਪਾਲ ਸਿੰਘ, ਇੰਦਰਪਾਲ ਸਿੰਘ ਤੇ ਹੋਰ ਮੌਜੂਦ ਸਨ।

ਸਰਕਾਰੀ ਕੰਨਿਆ ਸਮਾਰਟ ਸਕੂਲ 'ਚ ਭਾਰਤੀ ਭਾਸ਼ਾ ਸਮਰ ਕੈਂਪ

ਜਲਾਲਾਬਾਦ (ਜੀਤ ਕੁਮਾਰ)-ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਜਲਾਲਾਬਾਦ ਵਿਖੇ ਸੱਤ ਦਿਨਾ ਭਾਰਤੀ ਭਾਸ਼ਾ ਸਮਰ ਕੈਂਪ 2025 ਅਮਿਟ ਯਾਦਾਂ ਛੱਡਦੇ ਹੋਏ ਸਮਾਪਤ ਹੋਇਆ। ਸਕੂਲ ਪ੍ਰਿੰਸੀਪਲ ਅਮਿਤ ਗਗਨੇਜਾ ਨੇ ਦੱਸਿਆ ਕਿ ਸਿੱਖਿਆ ਵਿਭਾਗ ਪੰਜਾਬ ਵੱਲੋਂ ਭਾਰਤੀ ਭਾਸ਼ਾ ਸਮਰ ਕੈਂਪ ਦਾ ਆਯੋਜਨ ਕੀਤਾ ਗਿਆ ਸੀ। ਜਿਸ ਦੀ ਪਾਲਣਾ ਕਰਦੇ ਹੋਏ ਸਕੂਲ ਦੀਆਂ ਵਿਦਿਆਰਥਣਾਂ ਦਾ ਇਹ 7 ਦਿਨਾ ਸਮਰ ਕੈਂਪ ਨੋਡਲ ਇੰਚਾਰਜ ਰਜਨੀਸ਼ ਕੌਰ, ਮੈਡਮ ਅੰਜੂ ਅਰੋੜਾ, ਮੈਡਮ ਸੁਨੀਤਾ ਬੱਬਰ ਅਤੇ ਮੀਡੀਆ ਇੰਚਾਰਜ ਕਰਨ ਧੂੜੀਆ ਦੀ ਦੇਖ ਰੇਖ ਵਿੱਚ ਸਮਾਪਤ ਹੋਇਆ। ਉਨ੍ਹਾਂ ਦੱਸਿਆ ਕਿ ਕੈਂਪ ਦੌਰਾਨ ਆਂਧਰ ਪ੍ਰਦੇਸ਼ ਰਾਜ ਨਾਲ ਸੰਬੰਧਤ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ। ਇਨ੍ਹਾਂ ਗਤੀਵਿਧੀਆਂ ਵਿੱਚ ਭਾਗ ਲੈਣ ਵਾਲੀਆਂ ਵਿਦਿਆਰਥਣਾਂ ਨੂੰ ਪਸੰਸਾ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ। ਪ੍ਰਿੰਸੀਪਲ ਅਮਿਤ ਗਗਨੇਜਾ ਨੇ ਕਿਹਾ ਕਿ ਸਕੂਲ ਸਿੱਖਿਆ ਵਿਭਾਗ ਵੱਲੋਂ ਭਾਰਤੀ ਭਾਸ਼ਾ ਸਮਰ ਕੈਂਪ 2025 ਇੱਕ ਨਿਵੇਕਲੀ ਸ਼ੁਰੂਆਤ ਹੈ, ਇਸ ਨਾਲ ਸਾਡੇ ਸਕੂਲਾਂ ਵਿੱਚ ਪੜ੍ਹ ਰਹੇ ਬੱਚਿਆਂ ਵਿੱਚ ਸੱਭਿਆਚਾਰਕ ਸਾਂਝ ਵਧੇਗੀ ਅਤੇ ਦੂਜੇ ਰਾਜਾਂ ਦੇ ਸੱਭਿਆਚਾਰ ਨੂੰ ਸਮਝਣ ਅਤੇ ਇੱਕ ਦੂਜੇ ਦੇ ਨੇੜੇ ਆਉਣ ਅਤੇ ਆਪਸੀ ਭਾਈਚਾਰਕ ਸਾਂਝ ਵਿੱਚ ਵਾਧਾ ਹੋਏਗਾ। ਅਤੇ ਅੰਤ ਵਿੱਚ ਪ੍ਰਿੰਸੀਪਲ ਅਮਿਤ ਗਗਨੇਜਾ ਨੇ ਇਸ ਕੈਂਪ ਵਿੱਚ ਸਹਿਯੋਗ ਕਰਨ ਵਾਲੇ ਸਕੂਲ ਦੇ ਅਧਿਆਪਕਾਂ ਧੰਨਵਾਦ ਕੀਤਾ।

ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਨੇ ਕਕਰਾਲਾ ਦੀ ਪੰਚਾਇਤੀ ਰਿਜ਼ਰਵ ਜ਼ਮੀਨ 'ਚ ਲਗਾਇਆ ਪੱਕਾ ਮੋਰਚਾ

ਨਾਭਾ (ਵਰਿੰਦਰ ਵਰਮਾ)-ਨਾਭਾ ਦੇ ਨੇੜਲੇ ਪਿੰਡ ਕਕਰਾਲਾ ਵਿੱਚ ਜਿੱਥੇ ਆਮ ਪਿੰਡਾਂ ਦੀਆਂ ਪੰਚਾਇਤੀ ਬੋਲੀਆਂ ਰੱਦ ਕੀਤੀਆਂ ਜਾ ਰਹੀਆਂ ਸਨ, ਉਥੇ ਡੀਡੀਪੀਓ ਪਟਿਆਲਾ ਵੱਲੋਂ ਕਾਨੂੰਨ ਦੀਆਂ ਧੱਜੀਆਂ ਉਡਾ ਕੇ ਪੰਚਾਇਤੀ ਰਿਜ਼ਰਵ ਜ਼ਮੀਨ ਦੀ ਬੋਲੀ ਕੀਤੀ ਗਈ, ਜਿਸ ਖ਼ਿਲਾਫ਼ ਲੋਕਾਂ ਵੱਲੋਂ ਇਕੱਠੇ ਹੋ ਕੇ ਮਾਮਲਾ ਡੀ ਸੀ ਪਟਿਆਲਾ ਦੇ ਧਿਆਨ ਵਿੱਚ ਇਨਕੁਆਰੀ ਅਧੀਨ ਹੈ, ਪਰ ਡੀਡੀਪੀਓ ਵੱਲੋਂ ਉਸ ਡੰਮੀ ਵਿਅਕਤੀ ਨੂੰ ਜ਼ਮੀਨ ਵਹਾਉਣ ਦੀ ਤਿਆਰੀ ਸੀ, ਜਿਸ ਖਿਲਾਫ ਲੋਕਾਂ ਨੇ ਇਕੱਠੇ ਹੋ ਕੇ ਆਪਣੀ ਜ਼ਮੀਨ ਬਚਾਉਣ ਲਈ ਜ਼ਮੀਨ ਵਿੱਚ ਪੱਕਾ ਮੋਰਚਾ ਲਗਾਇਆ ਦਿੱਤਾ ਹੈ।ਇਸ ਮੌਕੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਜ਼ੋਨਲ ਸਕੱਤਰ ਗੁਰਵਿੰਦਰ ਬੌੜਾਂ ਤੇ ਇਕਾਈ ਆਗੂ ਜਗਜੀਤ ਸਿੰਘ ਜੱਗੀ, ਚਰਨਜੀਤ ਕੌਰ, ਕਿਰਨ ਕੌਰ ਨੇ ਕਿਹਾ ਕਿ ਪਿੰਡ ਕਕਰਾਲਾ ਦੇ ਐੱਸ ਸੀ ਭਾਈਚਾਰੇ ਨਾਲ ਸੰਬੰਧਤ ਲਗਭਗ 150 ਪਰਿਵਾਰ ਇਸ ਜ਼ਮੀਨ ਵਿੱਚ ਹਰਾ ਚਾਰਾ ਬੀਜ ਕੇ ਆਪਣੇ ਡੰਗਰ ਪਸ਼ੂ ਪਾਲਦੇ ਸਨ, ਪਰ ਪਿਛਲੇ ਦਿਨੀਂ ਡੀਡੀਪੀਓ ਪਟਿਆਲਾ ਵੱਲੋਂ ਕਾਨੂੰਨ ਦੀਆਂ ਧੱਜੀਆਂ ਉਡਾ ਕੇ ਪੰਚਾਇਤੀ ਰਿਜ਼ਰਵ ਜ਼ਮੀਨ ਦੀ ਬੋਲੀ ਇੱਕ ਡੰਮੀ ਬੰਦੇ ਦੇ ਨਾਮ ਕਰ ਦਿੱਤੀ ਗਈ, ਜਿਸ ਖ਼ਿਲਾਫ਼ ਭਾਰੀ ਰੋਸ ਜ਼ਾਹਰ ਕਰਦੇ ਹੋਏ ਸੈਂਕੜੇ ਲੋਕ ਇਕੱਠੇ ਹੋ ਕੇ ਡੀ ਸੀ ਦਫਤਰ ਪਟਿਆਲਾ ਦੇ ਗੇਟ ਅੱਗੇ ਪਹੁੰਚੇ।ਮਾਮਲਾ ਡੀ ਸੀ ਪਟਿਆਲਾ ਦੀ ਇਨਕੁਆਰੀ ਅਧੀਨ ਹੈ ਤੇ ਡੀ ਸੀ ਦੇ ਕਹਿਣ 'ਤੇ ਕਮੇਟੀ ਆਗੂਆਂ ਵੱਲੋਂ ਡੀ ਡੀ ਪੀ ਓ ਨੂੰ ਮਿਲਿਆ ਗਿਆ।ਡੀ ਡੀ ਪੀ ਓ ਨੇ ਜ਼ਮੀਨ ਦੇ ਪੈਸੇ ਭਰਾਉਣ ਤੇ ਵਾਹੀ ਰੋਕਣ ਦਾ ਵਾਅਦਾ ਕੀਤਾ, ਪਰ ਕੁਝ ਦਿਨਾਂ ਤੋਂ ਬਾਅਦ ਹੀ ਉਸ ਡੰਮੀ ਵਿਅਕਤੀ ਤੋਂ ਪੈਸੇ ਭਰਾ ਕੇ ਪਿਛਲੀ ਰਾਤ ਉਸ ਤੋਂ ਜ਼ਮੀਨ ਵਿੱਚ ਪਾਣੀ ਛਡਾਇਆ ਗਿਆ ਅਤੇ ਜ਼ਮੀਨ ਵਹਾਉਣ ਦੀ ਤਿਆਰੀ ਕੀਤੀ ਗਈ।ਲੋਕਾਂ ਨੂੰ ਇਸ ਦੀ ਭਿਣਕ ਲੱਗਣ 'ਤੇ ਲੋਕ ਇਕੱਠੇ ਹੋ ਕੇ ਜ਼ਮੀਨ ਬਚਾਉਣ ਲਈ ਜ਼ਮੀਨ ਵਿੱਚ ਪੱਕਾ ਮੋਰਚਾ ਲਾ ਕੇ ਬੈਠ ਗਏ ਅਤੇ ਮੰਗ ਕਰ ਰਹੇ ਹਨ ਕਿ ਕਾਨੂੰਨ ਦੀਆਂ ਧੱਜੀਆਂ ਉਡਾ ਕੇ ਕੀਤੀ ਬੋਲੀ ਰੱਦ ਕਰ ਕੇ ਲੋਕਾਂ ਨੂੰ ਜ਼ਮੀਨ ਬਾਜਵ ਰੇਟ 'ਤੇ ਦਿੱਤੀ ਜਾਵੇ।ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਇਹ ਵੀ ਐਲਾਨ ਕੀਤਾ ਗਿਆ ਕਿ ਜੇਕਰ ਪ੍ਰਸ਼ਾਸਨ ਵੱਲੋਂ ਮਜ਼ਦੂਰਾਂ ਨਾਲ ਧੱਕਾ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਸੰਘਰਸ਼ ਤਿੱਖਾ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਪ੍ਰਸ਼ਾਸਨ ਤੇ ਸਰਕਾਰ ਦੀ ਹੋਵੇਗੀ।ਉਪਰੋਕਤ ਤੋਂ ਇਲਾਵਾ ਗੱਗੀ ਸਿੰਘ, ਸੁਖਵਿੰਦਰ ਕੌਰ, ਚਰਨਜੀਤ ਕੌਰ, ਸੁੱਖੀ ਸਿੰਘ ਆਦਿ ਬਹੁਤ ਸਾਰੇ ਲੋਕ ਮੋਰਚੇ ਵਿੱਚ ਹਾਜ਼ਰ ਸਨ।

ਨਵੇਂ ਭਰਤੀ ਹੋਏ ਅਧਿਆਪਕਾਂ ਲਈ ਸੱਤ ਰੋਜ਼ਾ ਫੈਕਲਟੀ ਇੰਡਕਸ਼ਨ ਪ੍ਰੋਗਰਾਮ

**ਸ੍ਰੀ ਫਤਿਹਗੜ੍ਹ

ਮਾਨਸਿਕ ਰੋਗ ਕਾਰਪੋਰੇਟ ਪੱਖੀ ਲੋਟੂ ਨੀਤੀਆਂ ਤੇ ਭ੍ਰਿਸ਼ਟ ਰਾਜ ਪ੍ਰਬੰਧ ਦੀ ਦੇਣ : ਡਾ. ਦੀਪਤੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)

ਤਰਕਸ਼ੀਲ ਸੁਸਾਇਟੀ ਪੰਜਾਬ ਦੀ ਅੰਮ੍ਰਿਤਸਰ ਇਕਾਈ ਵੱਲੋਂ 'ਮਾਨਸਿਕ ਰੋਗਾਂ ਪ੍ਰਤੀ ਸਮਾਜਿਕ ਚੇਤਨਾ ਅਤੇ ਹੱਲ' ਵਿਸ਼ੇ ਸੰਬੰਧੀ ਗੰਭੀਰ ਵਿਚਾਰ ਚਰਚਾ ਸਥਾਨਕ ਮੈਡੀਕਲ ਐਨਕਲੇਵ, ਮਜੀਠਾ ਰੋਡ ਵਿਖੇ ਕੀਤੀ ਗਈ ਜਿਸ ਵਿੱਚ ਲੋਕਾਂ ਨੂੰ ਮਾਨਸਿਕ ਰੋਗਾਂ ਦੇ ਹਲ ਲਈ ਵਿਗਿਆਨਕ ਸੋਚ ਅਪਣਾਉਣ ਅਤੇ ਮਾਨਸਿਕ ਤਣਾਓ, ਨਸ਼ਿਆਂ ਤੇ ਖੁਦਕਸ਼ੀਆਂ ਤੋਂ ਬਚਣ ਦਾ ਸੱਦਾ ਦਿੱਤਾ ਗਿਆ।ਇਸ ਮੌਕੇ ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ ਦੇ ਸਾਬਕਾ ਪ੍ਰੋਫੈਸਰ ਅਤੇ ਉੱਘੇ ਸਿਹਤ ਚਿੰਤਕ ਡਾ. ਸ਼ਿਆਮ ਸੁੰਦਰ ਦੀਪਤੀ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਕਿਸੇ ਵਿਅਕਤੀ ਦੇ ਮਾੜੇ ਆਰਥਿਕ ਤੇ ਪਰਿਵਾਰਕ ਹਾਲਾਤ, ਆਲੇ ਦੁਆਲੇ ਦਾ ਮਾਹੌਲ, ਮਾਨਸਿਕ ਅਵਸਥਾ, ਸਮਾਜਿਕ ਵਿਤਕਰਾ, ਨਾਬਰਾਬਰੀ, ਬੇਇਨਸਾਫ਼ੀ ਅਤੇ ਉਸਦੀ ਅੰਧ ਵਿਸ਼ਵਾਸੀ ਮਾਨਸਿਕਤਾ ਉਸਨੂੰ ਮਾਨਸਿਕ ਤਣਾਓ, ਉਦਾਸੀ ਤੇ ਨਸ਼ਿਆਂ ਵੱਲ ਲਿਜਾਣ ਅਤੇ ਫਿਰ ਮਾਨਸਿਕ ਰੋਗੀ ਤੇ ਖੁਦਕਸ਼ੀ ਕਰਨ ਦਾ ਮੁੱਖ ਕਾਰਣ ਬਣਦੇ ਹਨ ਜਿਨ੍ਹਾਂ ਨੂੰ ਖਤਮ ਕਰਕੇ ਹੀ ਵੱਡੀ ਗਿਣਤੀ ਲੋਕਾਂ ਨੂੰ ਮਾਨਸਿਕ ਰੋਗਾਂ ਤੋਂ ਮੁਕਤ ਕੀਤਾ ਜਾ ਸਕਦਾ ਹੈ।ਉਨ੍ਹਾਂ ਕਿਹਾ ਕਿ ਸਰੀਰ ਦੇ ਰੋਗਾਂ ਵਾਂਗ ਸਾਡੇ ਮਨ ਦੇ ਰੋਗ ਵੀ ਸਾਡੀ ਸਮੁੱਚੀ ਸਿਹਤ ਅਤੇ ਕਾਰਜ ਪ੍ਰਣਾਲੀ ਨੂੰ ਕਮਜ਼ੋਰ ਅਤੇ ਖੋਖਲਾ ਕਰਦੇ ਹਨ ਜਿਸ ਲਈ ਸਾਨੂੰ ਆਪਣੀ ਸੋਚ ਨੂੰ ਵਿਗਿਆਨਕ ਅਤੇ ਮਨ ਨੂੰ ਤਣਾਅ ਮੁਕਤ ਅਤੇ ਮਜ਼ਬੂਤ ਬਣਾਉਣ ਦੀ ਲੋੜ ਹੈ।ਇਸ ਮੌਕੇ ਸੂਬਾਈ ਮੀਡੀਆ ਮੁਖੀ ਸੁਮੀਤ ਅੰਮ੍ਰਿਤਸਰ ਨੇ ਸਮਾਜ ਵਿੱਚ ਦਿਨੋਂ ਦਿਨ ਵੱਧ ਰਹੇ ਮਾਨਸਿਕ ਰੋਗਾਂ ਲਈ ਕੇਂਦਰ ਅਤੇ ਰਾਜ ਸਰਕਾਰਾਂ ਦੀਆਂ

ਕਾਰਪੋਰੇਟ ਪੱਖੀ ਨੀਤੀਆਂ ਅਤੇ ਲੋਕ ਵਿਰੋਧੀ ਰਾਜ ਪ੍ਰਬੰਧ ਦੇ ਨਾਲ ਨਾਲ ਮਨੁੱਖ ਦੀ ਪੂੰਜੀਵਾਦੀ ਪੱਖੀ ਮਾਨਸਿਕਤਾ ਨੂੰ ਪੂਰੀ ਤਰਾਂ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਕਿ ਲੋਕਾਂ ਨੂੰ ਆਪਣੀਆਂ ਬੁਨਿਆਦੀ ਸਮੱਸਿਆਵਾਂ ਅਤੇ ਮਾਨਸਿਕ ਤਣਾਓ ਦੇ ਖਾਤਮੇ ਲਈ ਨਸ਼ਿਆਂ,ਅਪਰਾਧ ਅਤੇ ਖੁਦਕਸ਼ੀਆਂ ਦਾ ਬੇਹੱਦ ਮਾਰੂ ਰਸਤਾ ਹਰਗਿਜ਼ ਅਖ਼ਤਿਆਰ ਨਹੀਂ ਕਰਨਾ ਚਾਹੀਦਾ ਬਲਕਿ ਆਪਣੇ ਬਦਤਰ ਹਾਲਾਤਾਂ ਨੂੰ ਬਦਲਣ ਲਈ ਮੌਜੂਦਾ ਲੋਟੂ,ਫ਼ਿਰਕੂ ਅਤੇ ਭ੍ਰਿਸ਼ਟ ਹਕੂਮਤਾਂ ਦੇ ਵਿਰੁੱਧ ਮਜ਼ਬੂਤੀ ਨਾਲ ਜੱਥੇਬੰਦਕ ਸੰਘਰਸ਼ਾਂ ਵੱਲ ਸੇਧਿਤ ਹੋਣਾ ਚਾਹੀਦਾ ਹੈ।ਇਸ ਮੌਕੇ ਇਕਾਈ ਦੇ ਜੱਥੇਬੰਦਕ ਮੁਖੀ, ਜਸਪਾਲ ਬਾਸਰਕੇ ਅਤੇ ਵਿੱਤ ਮੁਖੀ ਪ੍ਰਿੰ. ਮੇਲਾ ਰਾਮ ਨੇ ਕਿਹਾ ਕਿ ਮਾਨਸਿਕ ਰੋਗਾਂ ਦੇ ਸ਼ਿਕਾਰ ਜ਼ਿਆਦਾਤਰ ਲੋਕ ਆਪਣੀਆਂ ਵੱਖ ਵੱਖ ਸਮੱਸਿਆਵਾਂ ਦੇ ਅਖੌਤੀ ਹਲ ਲਈ ਪਾਖੰਡੀ ਬਾਬਿਆਂ, ਸਾਧਾਂ, ਜੋਤਸ਼ੀਆਂ ਅਤੇ ਡੇਰਿਆਂ ਦੇ ਝਾਂਸੇ ਵਿੱਚ ਫਸ ਜਾਂਦੇ ਹਨ ਜਿਸ ਲਈ ਸੂਬਾ ਸਰਕਾਰਾਂ ਨੂੰ ਆਮ ਲੋਕਾਂ ਦੀਆਂ ਸਿੱਖਿਆ, ਸਿਹਤ, ਰੁਜ਼ਗਾਰ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਕਰਨ ਦੇ ਇਲਾਵਾ ਹਰੇਕ ਸਰਕਾਰੀ ਹਸਪਤਾਲ ਅਤੇ ਪੇਂਡੂ ਸਿਹਤ ਕੇਂਦਰਾਂ ਵਿੱਚ ਮਾਨਸਿਕ ਰੋਗਾਂ ਦੇ ਮਾਹਿਰ ਡਾਕਟਰ ਨਿਯੁਕਤ ਕੀਤੇ ਜਾਣੇ ਚਾਹੀਦੇ ਹਨ।ਵਿਚਾਰ ਚਰਚਾ ਵਿੱਚ ਭਾਗ ਲੈਂਦਿਆਂ ਇਕਾਈ ਦੇ ਸਭਿਆਚਾਰਕ ਵਿਭਾਗ ਦੇ ਮੁਖੀ ਮਾਸਟਰ ਬਲਦੇਵ ਰਾਜ ਵੇਰਕਾ, ਮਾਨਸਿਕ ਸਿਹਤ ਚੇਤਨਾ ਵਿਭਾਗ ਦੇ ਮੁਖੀ ਦਮਨਜੀਤ ਕੌਰ ਅਤੇ ਮਾਸਟਰ ਕੁਲਜੀਤ ਵੇਰਕਾ ਨੇ ਆਮ ਲੋਕਾਂ ਵਿੱਚ ਮਾਨਸਿਕ ਰੋਗਾਂ ਦੇ ਖਾਤਮੇ ਪ੍ਰਤੀ ਵਿਗਿਆਨਕ ਚੇਤਨਾ ਵਿਕਸਤ ਕਰਦੇ ਅਜਿਹੇ ਸੈਮੀਨਾਰ ਭਵਿੱਖ ਵਿੱਚ ਵੱਧ ਤੋਂ ਵੱਧ ਕਰਵਾਉਣ ਦੀ ਲੋੜ ਉਤੇ ਜ਼ੋਰ ਦਿੱਤਾ।ਇਸ ਮੌਕੇ ਮੈਡਮ ਊਸ਼ਾ ਦੀਪਤੀ, ਸੁਖਮੀਤ ਸਿੰਘ, ਰਾਜ ਕੁਮਾਰ ਵੇਰਕਾ, ਰਮੇਸ਼ ਜੈਨ, ਪਰਮਜੀਤ ਸਿੰਘ,ਅਨਮੋਲ ਸਿੰਘ, ਹਰੀ ਕ੍ਰਿਸ਼ਨ ਆਦਿ ਨੇ ਵੀ ਵਿਚਾਰ ਚਰਚਾ ਵਿੱਚ ਭਾਗ ਲਿਆ।

ਤਿੰਨ ਵੱਖ-ਵੱਖ ਮਾਮਲਿਆਂ 'ਚ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲੇ ਦਰਜ

ਗੁਰਦਾਸਪੁਰ, (ਜਨਕ ਮਹਾਜਨ)-ਥਾਣਾ ਕਾਹਨੂੰਵਾਨ ਦੇ ਏਐੱਸਆਈ ਰਛਪਾਲ ਸਿੰਘ ਨੇ ਦੱਸਿਆ ਕਿ ਉਹ ਸਮੇਤ ਸਾਥੀ ਕਰਮਚਾਰੀਆਂ ਦੇ ਨਾਲ ਰੂੜਾ ਬੁੱਟਰ ਮੋੜ ਸੂਏ ਕੰਢੇ ਮੌਜੂਦ ਸੀ ਕਿ ਪਿੰਡ ਰੂੜਾ ਬੁੱਟਰ ਸਾਇਡ ਵਲੋਂ ਇਕ ਮੋਨਾ ਨੌਜਵਾਨ ਪੈਦਲ ਆਉਦਾ ਦਿਖਾਈ ਦਿੱਤਾ ਜੋ ਪੁਲਸ ਪਾਰਟੀ ਦੇਖ ਕਿ ਘਬਰਾ ਕਿ ਯਕਦਮ ਪਿੱਛੇ ਮੁੜਨ ਲੱਗਾ। ਨਾਮ ਪਤਾ ਪੁੱਛਣ 'ਤੇ ਉਸ ਨੇ ਆਪਣਾ ਨਾਮ ਸਾਗਰ ਮਸੀਹ ਪੁੱਤਰ ਸੁਲੱਖਣ ਮਸੀਹ ਵਾਸੀ ਹੋਬੋਵਾਲ ਦੱਸਿਆ, ਜਿਸ ਪਾਸੋਂ 110 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਥਾਣਾ ਬਹਿਰਾਮਪੁਰ ਦੇ ਏਐਸਆਈ. ਜਸਵਿੰਦਰ ਸਿੰਘ ਨੇ ਦੱਸਿਆ ਕਿ ਉਹ ਸਮੇਤ ਪੁਲਸ ਪਾਰਟੀ ਬਾਹਮਣੀ ਸੂਆ ਪੁਲੀ ਤੇ ਮੌਜੂਦ ਸੀ। ਦੋਦਵਾਂ ਵਾਲੇ ਪਾਸੇ ਤੋਂ ਇਕ ਔਰਤ ਪੈਦਲ ਆਉਂਦੀ ਦਿਖਾਈ ਦਿੱਤੀ। ਉਸ ਨੂੰ ਨਾਮ ਪਤਾ ਪੁੱਛਿਆ ਤਾਂ ਉਸ ਨੇ ਆਪਣਾ ਨਾਮ ਮੌਸਮੀ ਪਤਨੀ ਰਿਕੂ ਵਾਸੀ ਦੋਦਵਾਂ ਥਾਣਾ ਬਹਿਰਾਮਪੁਰ ਦੱਸਿਆ ਜਿਸ ਪਾਸੋਂ 92 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਇਸੇ ਤਰ੍ਹਾਂ ਥਾਣਾ ਦੀਨਾਨਗਰ ਦੇ ਏਐੱਸਆਈ ਅਮਰੀਕ ਚੰਦ ਨੇ ਸਮੇਤ ਸਾਥੀਆਂ ਸਿੱਘੋਵਾਲ ਤੋਂ ਦੋ ਔਰਤਾਂ ਨੂੰ ਕਾਬੂ ਕਰਕੇ ਨਾਮ ਪਤਾ ਪੁੱਛਿਆ ਤਾਂ ਉਨ੍ਹਾਂ ਆਪਣਾ ਨਾਮ ਸੀਮਾ ਪਤਨੀ ਪਰਵੀਨ ਕੁਮਾਰ ਅਤੇ ਪ੍ਰੀਆ ਦੇਵੀ ਪਤਨੀ ਅਮਰ ਵਾਸੀਆਨ ਅਵਾਂਖਾ ਦੱਸਿਆ ਜਿਨ੍ਹਾਂ ਕੋਲੋਂ 40 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਪੁਲਸ ਨੇ ਤਿੰਨਾਂ ਮਾਮਲਿਆਂ ਵਿਚ ਨਸ਼ਾ ਤਸਕਰਾਂ ਖ਼ਿਲਾਫ਼ ਐੱਨਡੀਪੀਐੱਸ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

ਜੀ ਜੀ ਐੱਸ ਬਾਕਸਿੰਗ ਕਲੱਬ ਬਖਤਪੁਰ ਦੇ ਖਿਡਾਰੀ ਦੀ ਸਪੋਰਟਸ ਕਾਲਜ ਜਲੰਧਰ ਲਈ ਚੋਣ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)

ਗੁਰੂ ਗੋਬਿੰਦ ਸਿੰਘ ਮਾਡਰਨ ਸਕੂਲ ਬਖਤਪੁਰ ਵਿਖੇ ਚਲ ਰਹੇ ਜੀ ਜੀ ਐੱਸ ਬਾਕਸਿੰਗ ਕਲੱਬ ਦੇ ਖਿਡਾਰੀ ਦੀ ਸਪੋਰਟਸ ਕਾਲਜ ਜਲੰਧਰ ਲਈ ਚੋਣ ਹੋਈ ਹੈ।ਇਸ ਬਾਬਤ ਪ੍ਰਿੰਸੀਪਲ ਮੇਜਰ ਸਿੰਘ ਚਾਹਲ ਨੇ ਦੱਸਿਆ ਕਿ ਸਾਡੇ ਲਈ ਬੜੀ ਮਾਣ ਵਾਲੀ ਗੱਲ ਹੈ ਕਿ ਕਲੱਬ ਦੇ ਖਿਡਾਰੀ ਦੀ ਸਿਲੈਕਸ਼ਨ ਸਪੋਰਟਸ ਕਾਲਜ ਜਲੰਧਰ ਲਈ ਹੋਈ ਹੈ ਜਿਸ ਨਾਲ ਕਲੱਬ, ਕੋਚ ਅਤੇ ਉਸਦੇ ਮਾਤਾ ਪਿਤਾ ਦਾ ਨਾਮ ਰੌਸ਼ਨ ਹੋਇਆ ਹੈ।ਇਸ ਬੱਚੇ ਦਾ ਸਕੂਲ ਪਹੁੰਚਣ ਤੇ ਕੋਚ ਨਵਤੇਜ ਸਿੰਘ ਤੇ ਮੈਨੇਜਮੈਂਟ ਵੱਲੋਂ ਵਿਸ਼ੇਸ ਸਨਮਾਨ ਕੀਤਾ ਗਿਆ।ਇਸ ਬਾਬਤ ਪ੍ਰਿੰਸੀਪਲ ਮੇਜਰ ਸਿੰਘ ਚਾਹਲ ਨੇ ਹੋਰ ਦੱਸਿਆ ਕਿ ਕਲੱਬ ਦੀ ਗਰਾਊਂਡ ਵਿਚ ਸਵੇਰ ਅਤੇ ਸ਼ਾਮ ਨੂੰ ਕੋਚ ਨਵਤੇਜ ਸਿੰਘ ਦੀ ਯੋਗ ਅਗਵਾਈ ਵਿਚ ਬੱਚਿਆਂ ਨੂੰ ਬਾਕਸਿੰਗ, ਕਿੱਕ ਬਾਕਸਿੰਗ, ਤਾਇਕਵਾਂਡੋ, ਥੰਗਤਾ ਅਤੇ ਗਤਕੇ ਦੀ ਵਿਸ਼ੇਸ਼ ਸਿਖਲਾਈ ਦਿੱਤੀ ਜਾਂਦੀ ਹੈ ਜਿਸ ਵਿਚ

ਕੋਈ ਵੀ ਚਾਹਵਾਨ ਖਿਡਾਰੀ ਟਰੇਨਿੰਗ ਪ੍ਰਾਪਤ ਕਰ ਸਕਦਾ ਹੈ।ਇਸ ਮੌਕੇ ਸਕੂਲ ਡਾਇਰੈਕਟਰ ਮਹਿੰਦਰਪਾਲ ਸਿੰਘ ਕਲੇਰ, ਪ੍ਰਧਾਨ ਮੈਡਮ ਰਣਜੀਤ ਕੌਰ ਅਤੇ ਮੈਡਮ ਸੁਖਮੀਤ ਕੌਰ ਨੇ ਇਸ ਖਿਡਾਰੀ ਨੂੰ ਮੁਬਾਰਕਬਾਦ ਦਿੱਤੀ ਅਤੇ ਅਗਾਂਹ ਤੋਂ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

ਦਰਿਆ ਬਿਆਸ ਦਾ ਧੁੱਸੀ ਬੰਨ੍ਹ ਕਿਸਾਨਾਂ ਲਈ ਸਰਾਪ ਤੇ ਵਰਦਾਨ ਦੋਵੇਂ ਹੀ

ਗੁਰਦਾਸਪੁਰ, (ਜਨਕ ਮਹਾਜਨ)-ਦਰਿਆ ਬਿਆਸ ਦੀ ਧੁੱਸੀ ਪੰਜਾਬ ਸਰਕਾਰ ਨੇ ਪਿੰਡ ਬਿਆਨਪੁਰ ਤੋਂ ਪਿੰਡ ਟਾਂਡਾ ਤੱਕ ਕਰੋੜਾਂ ਰੁਪਏ ਖਰਚ ਕਰਕੇ ਮਿੱਟੀ ਪਾ ਕੇ ਉੱਚੀ ਬਣਾ ਦਿੱਤੀ ਹੈ ਅਤੇ ਇਹ ਕਾਰਜ 1988 ਦੇ ਹੜ੍ਹਾਂ ਤੋਂ ਬਾਅਦ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਕਰਵਾਇਆ ਹੈ ਜਿਸ ਦੀ ਇਲਾਕੇ ਅੰਦਰ ਸ਼ਲਾਘਾ ਕੀਤੀ ਜਾ ਰਹੀ ਹੈ ਪਰ ਧੁੱਸੀ 'ਤੇ ਸੜਕ ਨਾ ਬਣਨ ਕਰਕੇ ਅਤੇ ਧੁੱਸ ਉਪਰ ਮਿੱਟੀ ਹੋਣ ਕਰਕੇ ਲੋਕਾਂ ਤੇ ਕਿਸਾਨਾਂ ਦਾ ਲੰਘਣਾ ਔਖਾ ਹੋਇਆ ਪਿਆ ਹੈ। ਇਸ ਸਬੰਧੀ ਪਿੰਡ ਚੇਚੀਆਂ ਛੋੜੀਆਂ ਦੇ ਕਿਸਾਨਾਂ, ਛੀਨਾ ਬੇਟ ਅਤੇ ਟਾਂਡਾ ਦੇ ਲੋਕਾਂ ਨੇ ਦੱਸਿਆ ਕਿ ਜਦੋਂ ਮਾਮੂਲੀ ਜਿਹਾ ਮੀਂਹ ਪੈ ਜਾਂਦਾ ਹੈ ਤਾਂ ਲੋਕ ਧੁੱਸੀ ਉਤੋਂ ਨਹੀਂ ਲੰਘ ਸਕਦੇ ਅਤੇ ਜਦ ਕਿਸਾਨ ਵਹੀਕਲ ਜਾਂ ਟਰੈਕਟਰ ਟਰਾਲੀਆਂ ਲੈ ਕੇ ਗੁਜ਼ਰਦੇ ਹਨ ਤਾਂ ਮਿੱਟੀ ਵਿੱਚ ਫਸ ਜਾਂਦੇ ਹਨ ਅਤੇ ਕਈ ਵਾਰ ਟਰੈਕਟਰ ਟਰਾਲੀਆਂ ਸਲਿਪ ਹੋ ਕੇ ਧੁੱਸੀ ਵੱਲ ਉਲਟ ਜਾਂਦੀਆਂ ਹਨ ਜਿਸ ਨਾਲ ਲੋਕਾਂ ਦਾ ਜਾਨੀ ਮਾਲੀ ਨੁਕਸਾਨ ਹੋਣ ਦਾ ਡਰ ਬਣਿਆ ਹੋਇਆ ਹੈ। ਉਨ੍ਹਾਂ ਦੱਸਿਆ ਕਿ ਦਰਿਆ ਬਿਆਸ ਦੀ ਧੁੱਸ ਕੰਢੇ ਸੈਂਕੜੇ ਏਕੜ ਜ਼ਮੀਨ ਲੱਗਦੀ ਹੈ ਅਤੇ ਸੜਕ ਨਾ ਹੋਣ ਕਰਕੇ ਲੋਕਾਂ ਦੇ ਕੰਮ ਕਾਜ ਪ੍ਰਭਾਵਿਤ ਹੁੰਦੇ ਹਨ। ਉਨ੍ਹਾਂ ਦੱਸਿਆ ਕਿ ਇਸ ਵਾਰ ਕਮਾਦ ਮਿੱਲਾਂ ਵਿੱਚ ਸੁੱਟਣ ਵਾਸਤੇ ਕਿਸਾਨਾਂ ਨੂੰ 10 ਕਿਲੋਮੀਟਰ ਦੀ ਬਜਾਏ 15 ਕਿਲੋਮੀਟਰ ਦਾ ਸਫਰ ਤੈਅ ਕਰਕੇ ਮਿੱਲਾਂ ਵੱਲ ਜਾਣਾ ਪਿਆ। ਉਨ੍ਹਾਂ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਦਰਿਆ ਬਿਆਸ ਦੀ ਧੁੱਸੀ ਕੰਢੇ ਸੜਕ ਬਣਾਉਣ ਲਈ ਸਬੰਧਤ ਵਿਭਾਗ ਨੂੰ ਹੁਕਮ ਜਾਰੀ ਕੀਤੇ ਜਾਣ ਜਿਸ ਨਾਲ ਸੈਂਕੜੇ ਪਿੰਡਾਂ ਦੇ ਲੋਕਾਂ ਨੂੰ ਲਾਭ ਮਿਲ ਸਕੇ।

ਮਨਰੇਗਾ ਵਰਕਰਾਂ ਨੇ ਏਡੀਸੀ ਵਿਕਾਸ ਦੇ ਦਫਤਰ ਅੱਗੇ ਦਿੱਤਾ ਧਰਨਾ

ਤਰਨ ਤਾਰਨ (ਪ੍ਰਿਤਪਾਲ ਸਿੰਘ)

ਮਨਰੇਗਾ ਵਰਕਰਾਂ ਦੀਆਂ ਭਖਦੀਆਂ ਮੰਗਾਂ ਨੂੰ ਲੈ ਕੇ ਮਨਰੇਗਾ ਵਰਕਰਜ਼ ਯੂਨੀਅਨ ਅਤੇ ਦਿਹਾਤੀ ਮਜ਼ਦੂਰ ਸਭਾ ਵੱਲੋਂ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਤਰਨ ਤਾਰਨ ਦੇ ਦਫ਼ਤਰ ਅੱਗੇ ਧਰਨਾ ਦਿੱਤਾ ਗਿਆ ਜਿਸ ਦੀ ਅਗਵਾਈ ਨਰਿੰਦਰ ਸਿੰਘ ਰਟੋਲ, ਜਸਬੀਰ ਸਿੰਘ ਵੈਰੋਵਾਲ ਨੇ ਕੀਤੀ ।ਧਰਨੇ ਵਿੱਚ ਮਨਰੇਗਾ ਸਕੀਮ 'ਚ ਹੋ ਰਹੀਆਂ ਧਾਂਦਲੀਆਂ ਖਿਲਾਫ ਜੰਮ ਕੇ ਨਾਹਰੇਬਾਜ਼ੀ ਕੀਤੀ।ਔਰਤਾਂ ਨੇ ਵੱਡੀ ਗਿਣਤੀ 'ਚ ਸ਼ਮੂਲੀਅਤ ਕੀਤੀ।ਇਸ ਮੌਕੇ ਮਨਰੇਗਾ ਵਰਕਰ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਬਲਦੇਵ ਸਿੰਘ ਪੰਡੋਰੀ, ਦਿਹਾਤੀ ਮਜ਼ਦੂਰ ਸਭਾ ਦੇ ਜਿਲਾ ਸਕੱਤਰ ਚਮਨ ਲਾਲ ਦਰਾਜਕੇ ਨੇ ਕਿਹਾ ਕਿ ਮਨਰੇਗਾ ਕਾਨੂੰਨ ਤਹਿਤ ਦਿਹਾਤੀ ਮਜ਼ਦੂਰਾਂ ਦੇ ਸਾਰੇ ਪਰਿਵਾਰ ਨੂੰ ਸਾਰਾ ਸਾਲ ਕੰਮ ਦਿੱਤਾ ਜਾਵੇ ਅਤੇ ਦਿਹਾੜੀ ਘੱਟੋ ਘੱਟ 700 ਰੁਪਏ ਦਿੱਤੀ ਜਾਵੇ, ਕਸਬਿਆਂ ਤੇ ਸ਼ਹਿਰਾਂ ਵਿੱਚ ਵੀ ਇਹ ਕਾਨੂੰਨ ਲਾਗੂ ਕਰਕੇ ਇਥੇ ਰਹਿੰਦੇ ਮਜ਼ਦੂਰਾਂ ਨੂੰ ਵੀ ਕੰਮ ਦਿੱਤਾ ਜਾਵੇ ਬਲਾਕਾ ਚ ਮਨਰੇਗਾ ਸਕੀਮ ਚ ਫੈਲਿਆ ਭ੍ਰਿਸ਼ਟਾਚਾਰ ਬੰਦ ਕੀਤਾ ਜਾਵੇ ਅਤੇ ਮਨਰੇਗਾ ਸਕੀਮ ਨੂੰ

ਪਾਰਦਰਸ਼ੀ ਢੰਗ ਨਾਲ ਚਲਾਇਆ ਜਾਵੇ।ਭ੍ਰਿਸ਼ਟਾਚਾਰ ਰਾਹੀਂ ਬਣਾਈ ਜਾਇਦਾਦ ਦੀ ਜਾਂਚ ਸੀਬੀਆਈ ਤੋ ਕਰਾਈ ਜਾਵੇ, ਬੇ-ਘਰੇ ਲੋਕਾਂ ਨੂੰ ਸ਼ਹਿਰੀ ਖੇਤਰ ਵਿੱਚ 5-5 ਮਰਲੇ ਅਤੇ ਪੇਂਡੂ ਖੇਤਰ ਵਿਚ 10-10 ਮਰਲੇ ਦੇ ਰਿਹਾਇਸ਼ੀ ਪਲਾਟ ਦੇ ਕੇ ਮਕਾਨ ਬਣਾਉਣ ਲਈ ਘੱਟੋ ਘੱਟ 5 ਲੱਖ ਰੁਪਏ ਦੀ ਗ੍ਰਾਂਟ ਦਿੱਤੀ ਜਾਵੇ ਅਤੇ ਲਾਲ ਲਕੀਰ ਅੰਦਰ ਰਹਿ ਰਹੇ ਮਜ਼ਦੂਰਾਂ ਨੂੰ ਮਾਲਕੀ ਹੱਕ ਦੇ ਬਿਨਾਂ ਫੀਸ ਰਜਿਸਟਰੀਆਂ ਕੀਤੀਆਂ ਜਾਣ ।ਜਥੇਬੰਦੀਆਂ ਦੇ ਨੁਮਾਇੰਦਿਆਂ ਨਾਲ ਏਡੀਸੀ ਵਿਕਾਸ ਸੰਜੀਵ ਕੁਮਾਰ, ਜ਼ਿਲ੍ਹਾ ਕੁਆਰਡੀਨੇਟਰ ਦਲਜੀਤ ਸਿੰਘ ਜਿਲ੍ਹਾ ਅਤੇ ਪ੍ਰੀਸ਼ਦ ਦੇ ਅਧਿਕਾਰੀ ਸ਼ਾਮਲ ਸਨ । ਉਨ੍ਹਾਂ ਧਰਨਾਕਾਰੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਸਾਡੇ ਅਧਿਕਾਰ ਖੇਤਰ ਆਉਣ ਵਾਲੇ ਕੰਮ ਪਹਿਲ ਦੇ ਅਧਾਰ ਤੇ ਕੀਤੇ ਜਾਣਗੇ ਅਤੇ ਸਰਕਾਰ ਨਾਲ ਸਬੰਧਿਤ ਪੰਜਾਬ ਸਰਕਾਰ ਨੂੰ ਲਿਖ ਕੇ ਭੇਜੇ ਜਾਣਗੇ ।ਇਨ੍ਹਾਂ ਆਗੂਆਂ ਨੇ ਕਿਹਾ ਕਿ ਜੇਕਰ ਸਰਕਾਰ ਨੇ ਮਜ਼ਦੂਰਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਤਿੱਖਾ ਸੰਘਰਸ਼ ਕੀਤਾ ਜਾਵੇਗਾ ।ਇਸ ਮੌਕੇ ਜਰਨੈਲ ਸਿੰਘ ਰਸੂਲਪੁਰ, ਸਵਿੰਦਰ ਸਿੰਘ ਚੱਕ, ਹਰਜਿੰਦਰ ਸਿੰਘ ਢੁੰਘ, ਕੁਲਦੀਪ ਸਿੰਘ ਸਾਬਕਾ ਸਰਪੰਚ ਭੁੱਲਰ, ਜਸਬੀਰ ਕੌਰ ਕੈਰੋਵਾਲ, ਗੁਰਮੀਤ ਕੌਰ ਭੁੱਚਰ ਕਲਾ ਆਦਿ ਹਾਜ਼ਰ ਸਨ ।

ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਜ਼ੀਰੋ ਟਾਲਰੈਂਸ ਦੀ ਨੀਤੀ ਅਪਣਾਈ : ਪੰਨੂੰ

ਫਤਿਹਗੜ੍ਹ ਚੂੜੀਆਂ (ਜਸਦੇਵ ਮਾਨ)

ਹਲਕਾ ਫਤਿਹਗੜ੍ਹ ਚੂੜੀਆਂ ਵਿੱਚ ਹਲਕਾ ਇੰਚਾਰਜ ਬਲਬੀਰ ਸਿੰਘ ਪਨੂੰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਪਿੰਡ ਉਗਰੇਵਾਲ, ਨੰਗਲ, ਰੋਡ ਖਹਿਰਾ, ਤੇਜਾ ਕਲਾਂ, ਖੋਦੇ ਬਾਂਗਰ ਅਤੇ ਸ਼ਮਸ਼ੇਰਪੁਰ ਵਿੱਚ ਮੀਟਿੰਗ ਕੀਤੀ ਗਈ, ਜਿਸ ਵਿੱਚ ਬਲਬੀਰ ਸਿੰਘ ਪੰਨੂੰ ਵੱਲੋਂ ਲੋਕਾਂ ਨੂੰ ਨਸ਼ਿਆਂ ਖਿਲਾਫ਼ ਲੜਨ ਦੀ ਸਹੁੰ ਚੁਕਾਈ ਗਈ।ਇਸ ਮੌਕੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਨਸ਼ਿਆਂ ਵਿਰੁੱਧ ਚੱਲ ਰਹੀ ਯਾਤਰਾ ਵਿੱਚ ਪਿੰਡ ਵਾਲਿਆਂ ਦਾ ਸਾਥ ਬਹੁਤ ਜ਼ਰੂਰੀ ਹੈ ਤਾਂ ਜੋ ਹਰ ਇੱਕ ਪਿੰਡ ਵਿੱਚ ਨਸ਼ਾ ਖਤਮ ਕੀਤਾ ਜਾ ਸਕੇ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ

3-June-PAGE-4.qxd 6/2/2025 10:32 PM Page 1

ਨਵਾਂ ਜ਼ਮਾਨਾ
ਮੰਗਲਵਾਰ, 3 ਜੂਨ 2025

ਸਿੰਧੂਰੀ ਤਰਕੀਬਾਂ

ਰੱਖਿਆ ਮੰਤਰਾਲਾ ਪਾਕਿਸਤਾਨ ਖਿਲਾਫ ਕੀਤੇ ਗਏ 'ਅਪ੍ਰੇਸ਼ਨ ਸਿੰਧੂਰ' ਉੱਤੇ ਇੱਕ ਤੋਂ ਤੀਹ ਜੂਨ ਤੱਕ ਲੇਖ ਮੁਕਾਬਲਾ ਕਰਵਾ ਰਿਹਾ ਹੈ। ਪਹਿਲੇ ਤਿੰਨ ਸਥਾਨ ਹਾਸਲ ਕਰਨ ਵਾਲਿਆਂ ਨੂੰ 10-10 ਹਜ਼ਾਰ ਰੁਪਏ ਨਕਦ ਇਨਾਮ ਅਤੇ ਲਾਲ ਕਿਲ੍ਹੇ 'ਤੇ ਅਜ਼ਾਦੀ ਦਿਵਸ ਦੇ ਜਸ਼ਨਾਂ ਵਿੱਚ ਸ਼ਾਮਲ ਹੋਣ ਦਾ ਮੌਕਾ ਦਿੱਤਾ ਜਾਵੇਗਾ। ਮੰਤਰਾਲੇ ਦਾ ਕਹਿਣਾ ਹੈ ਕਿ ਉਹ ਦੇਖਣਾ ਚਾਹੁੰਦਾ ਹੈ ਕਿ ਦਹਿਸ਼ਤਗਰਦੀ ਖਿਲਾਫ ਭਾਰਤ ਦੀ ਨਵੀਂ ਨੀਤੀ ਬਾਰੇ ਨੌਜਵਾਨ ਦਿਮਾਗ ਕੀ ਸੋਚਦੇ ਹਨ। ਭਾਜਪਾ ਨੇ ਪਹਿਲਾਂ ਅਪ੍ਰੇਸ਼ਨ ਸਿੰਧੂਰ ਦੀ ਪ੍ਰੈੱਸ ਬ੍ਰੀਫਿੰਗ ਕਰਕੇ ਚਰਚਾ ਵਿੱਚ ਆਈਆਂ ਕਰਨਲ ਸੋਫੀਆ ਕੁਰੈਸ਼ੀ ਤੇ ਵਿੰਗ ਕਮਾਂਡਰ ਵਯੋਮਿਕਾ ਸਿੰਘ ਨੂੰ ਨਰਿੰਦਰ ਮੋਦੀ ਸਰਕਾਰ ਦੀ ਤੀਜੀ ਸਰਕਾਰ ਦਾ ਇੱਕ ਵਰ੍ਹਾ ਪੂਰਾ ਹੋਣ ਦੇ ਜਸ਼ਨਾਂ ਦੌਰਾਨ ਮਹਿਲਾਵਾਂ ਨੂੰ ਪ੍ਰਭਾਵਤ ਕਰਨ ਲਈ ਵਰਤਣ ਦੀ ਯੋਜਨਾ ਬਣਾਈ ਸੀ, ਪਰ ਹਥਿਆਰਬੰਦ ਸੈਨਾਵਾਂ ਨੂੰ ਸਿਆਸੀ ਮੰਤਵਾਂ ਲਈ ਵਰਤਣ ਦੇ ਦੋਸ਼ ਲੱਗਣ 'ਤੇ ਪਾਰਟੀ ਨੇ ਅਜਿਹੀ ਯੋਜਨਾ ਤੋਂ ਇਨਕਾਰ ਕੀਤਾ। ਪਿਛਲੇ ਹਫਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਮੋਦੀ 'ਤੇ ਇਹ ਕਹਿੰਦਿਆਂ ਸਿਆਸੀ ਹੋਲੀ ਖੇਡਣ ਦਾ ਦੋਸ਼ ਲਾਇਆ ਕਿ ਜਦਕਿ ਸਰਬ ਪਾਰਟੀ ਵਫਦ ਵਿਦੇਸ਼ਾਂ ਵਿੱਚ ਪਾਕਿਸਤਾਨ ਨੂੰ ਨੰਗਾ ਕਰਨ ਲਈ ਭੇਜੇ ਹੋਏ ਹਨ ਤੇ ਉਹ ਦੇਸ਼ ਵਿੱਚ 'ਅਪ੍ਰੇਸ਼ਨ ਸਿੰਧੂਰ' ਨੂੰ ਆਪਣੇ ਸਿਆਸੀ ਫਾਇਦੇ ਲਈ ਵਰਤ ਰਹੇ ਹਨ। ਮਮਤਾ ਨੇ ਇਹ ਵੀ ਕਿਹਾ ਸੀ ਕਿ ਵੋਟਾਂ ਬਟੋਰਨ ਖਾਤਰ ਭਾਜਪਾ ਨੇ ਘਰ-ਘਰ ਸਿੰਧੂਰ ਵੰਡਣ ਦਾ ਵੀ ਪ੍ਰੋਗਰਾਮ ਬਣਾਇਆ ਹੈ ਤੇ ਮੋਦੀ ਭਾਰਤ ਦੀਆਂ ਸਾਰੀਆਂ ਔਰਤਾਂ ਨੂੰ ਆਪਣੀਆਂ ਪਤਨੀਆਂ ਸਮਝ ਰਹੇ ਹਨ। ਇੱਥੇ ਵੀ ਕਿਰਕਿਰੀ ਹੋਣ 'ਤੇ ਭਾਜਪਾ ਨੂੰ ਕੁਝ ਚਿਰ ਬਾਅਦ ਅਜਿਹੀ ਯੋਜਨਾ ਦਾ ਖੰਡਨ ਕਰਨ ਲਈ ਮਜਬੂਰ ਹੋਣਾ ਪਿਆ।

ਪਾਕਿਸਤਾਨ ਖਿਲਾਫ ਪਿਛਲੀਆਂ ਫੌਜੀ ਕਾਰਵਾਈਆਂ ਨਾਲ ਚੋਖਾ ਚੋਣ ਲਾਭ ਮਿਲਣ ਤੋਂ ਬਾਅਦ ਭਾਜਪਾ ਅਪ੍ਰੇਸ਼ਨ ਸਿੰਧੂਰ ਦਾ ਫਾਇਦਾ ਉਠਾਉਣ ਲਈ ਕੋਈ ਕਸਰ ਨਹੀਂ ਛੱਡ ਰਹੀ, ਪਰ ਇਸ ਵਾਰ ਮਾਹੌਲ ਬਣ ਨਹੀਂ ਰਿਹਾ। ਪ੍ਰਧਾਨ ਮੰਤਰੀ ਹਰੇਕ ਪ੍ਰੋਗਰਾਮ ਵਿੱਚ 'ਅਪ੍ਰੇਸ਼ਨ ਸਿੰਧੂਰ' ਦਾ ਸਿਹਰਾ ਲੈਣ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਲੋਕਾਂ ਦੇ ਹੁੰਗਾਰੇ ਤੋਂ ਲੱਗ ਰਿਹਾ ਹੈ ਕਿ ਉਹ ਹੁਣ ਫੌਜਾਂ ਦੀ ਬਹਾਦਰੀ ਨੂੰ ਸਿਆਸੀ ਤੌਰ 'ਤੇ ਕੈਸ਼ ਨਹੀਂ ਕਰਨ ਦੇਣਾ ਚਾਹੁੰਦੇ। ਰੱਖਿਆ ਮੰਤਰਾਲਾ, ਜਿਨ੍ਹਾਂ ਨੌਜਵਾਨਾਂ ਦਾ ਸਿੰਧੂਰ ਲੇਖ ਮੁਕਾਬਲਾ ਕਰਾ ਰਿਹਾ ਹੈ, ਉਨ੍ਹਾਂ ਨੌਜਵਾਨਾਂ ਨੂੰ ਵੀ ਸੋਚਣਾ ਚਾਹੀਦਾ ਹੈ ਕਿ ਲੇਖ ਮੁਕਾਬਲਿਆਂ ਨਾਲ ਢਿੱਡ ਨਹੀਂ ਭਰਨੇ। ਢਿੱਡ ਰੁਜ਼ਗਾਰ ਮਿਲਣ ਨਾਲ ਹੀ ਭਰਨੇ ਹਨ। ਪਿਛਲੇ 11 ਸਾਲਾਂ ਵਿੱਚ ਰੁਜ਼ਗਾਰ ਮੁਹੱਈਆ ਕਰਨ ਵਿੱਚ ਬੁਰੀ ਤਰ੍ਹਾਂ ਨਾਕਾਮ ਰਹੀ ਸਰਕਾਰ ਤੋਂ ਨੌਜਵਾਨਾਂ ਨੂੰ ਪੁੱਛਣਾ ਚਾਹੀਦਾ ਹੈ ਕਿ ਉਨ੍ਹਾਂ ਦੀਆਂ ਅਸਲ ਮੁਸ਼ਕਲਾਂ ਹੱਲ ਕਰਨ ਲਈ ਉਹ ਕੀ ਕਰ ਰਹੀ ਹੈ।

ਪਾਣੀ ਹੀ ਜੀਵਨ ਦੀ ਧੜਕਣ ਹੈ

ਨਰਿੰਦਰ ਸਿੰਘ

ਪਾਣੀ ਹੀ ਜੀਵਨ ਦੀ ਧੜਕਣ ਹੈ। ਜਿੱਥੇ ਪਾਣੀ ਹੈ, ਉਥੇ ਹੀ ਜੀਵਨ ਧੜਕਦਾ ਹੈ। ਪਾਣੀ ਕੁਦਰਤ ਦਾ ਦਿੱਤਾ ਹੋਇਆ ਅਨਮੋਲ ਸਰਮਾਇਆ ਹੈ। ਗੁਰਬਾਣੀ ਅਨੁਸਾਰ 'ਪਹਿਲਾ ਪਾਣੀ ਜੀਉ ਹੈ ਜਿਤ ਹਰਿਆ ਸਭ ਕੋਇ॥' ਪਾਣੀ ਤੋਂ ਹੀ ਹੋਰ ਜੀਵ-ਜੰਤੂ ਪੈਦਾ ਹੋਏ ਤੇ ਧਰਤੀ ਨੂੰ ਹਰੀ-ਭਰੀ ਬਣਾ ਦਿੱਤਾ। ਪਾਣੀ ਧਰਤੀ ਅਤੇ ਮਨੁੱਖ ਲਈ ਬਹੁਤ ਲੋੜੀਂਦਾ ਹੈ। ਪਿਛਲੀ ਸਦੀ ਦੇ ਅੱਧ ਤੱਕ ਮਨੁੱਖ ਪਾਣੀ ਦੀ ਪਵਿੱਤਰਤਾ ਅਤੇ ਇਸ ਦੀ ਸੰਜਮ ਨਾਲ ਵਰਤੋਂ ਕਰਨ ਪ੍ਰਤੀ ਬਹੁਤ ਸੁਚੇਤ ਸੀ। ਉਸ ਸਮੇਂ ਪਾਣੀ ਨੂੰ ਪਵਿੱਤਰ ਦੇਵਤਾ ਮੰਨਿਆ ਜਾਂਦਾ ਸੀ, ਪਰੰਤੂ ਖੇਤੀਬਾੜੀ ਅਤੇ ਸਨਅਤੀਕਰਨ ਦੇ ਤੇਜ਼ੀ ਨਾਲ ਵਿਕਾਸ ਕਾਰਨ ਪਾਣੀ ਇਕ ਪਵਿੱਤਰ ਦੇਵਤੇ ਦੀ ਥਾਂ ਵਸਤੂ ਬਣ ਕੇ ਰਹਿ ਗਿਆ ਹੈ। ਆਬਾਦੀ ਵਿੱਚ ਬੇਤਹਾਸ਼ਾ ਵਾਧਾ ਹੋਣ ਕਰਕੇ ਪਾਣੀ ਦੀ ਲਗਾਤਾਰ ਮੰਗ ਵਧਦੀ ਜਾ ਰਹੀ ਹੈ। ਘਰਾਂ ਵਿੱਚ ਟੂਟੀਆਂ ਲੱਗਣ ਨਾਲ ਵੀ ਪਾਣੀ ਦੀ ਖਪਤ ਕਈ ਗੁਣਾਂ ਵਧ ਗਈ ਹੈ। ਅੱਜ ਬਹੁਤਾ ਪਾਣੀ ਖੇਤੀ ਲਈ ਵਰਤਿਆ ਜਾਂਦਾ ਹੈ, ਜਿਸ ਨਾਲ ਵੀ ਧਰਤੀ ਹੇਠ ਪਾਣੀ ਦਾ ਪੱਧਰ ਹੋਰ ਨੀਵਾਂ ਹੁੰਦਾ ਜਾ ਰਿਹਾ ਹੈ। ਦੇਸ਼ ਵਿੱਚ ਹਰ ਪਾਸੇ ਪਾਣੀ ਦੀ ਦੁਰਵਰਤੋਂ ਹੋ ਰਹੀ ਹੈ, ਜਦਕਿ ਪਾਣੀ ਦੀ ਸੋਚ-ਸਮਝ ਕੇ ਅਤੇ ਸੁਚੱਜੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਅੱਜ ਸਰਦੀਆਂ-ਗਰਮੀਆਂ ਵਿੱਚ ਦੇਸ਼ ਦੇ ਬਹੁਤੇ ਹਿੱਸੇ ਪਾਣੀ ਦੇ ਸੰਕਟ ਨਾਲ ਜੂਝਦੇ ਦਿਖਾਈ ਦਿੰਦੇ ਹਨ। ਜਿੱਥੇ ਜਿੱਥੇ ਬਾਰਸ਼ਾਂ ਆਪਣਾ ਵਰਦਾਨ ਨਾ ਦੇਣ, ਉੱਥੇ ਹੀ ਸੋਕੇ ਦੀ ਕਰੋਪੀ ਪੈਦਾ ਹੋ ਜਾਂਦੀ ਹੈ। ਪਾਣੀ ਦੀ ਸੰਭਾਲ ਅਤੇ ਵਰਤੋਂ ਲਈ ਨਵੀਂਆਂ ਤਕਨੀਕਾਂ ਅਪਣਾਈਆਂ ਜਾਣੀਆਂ ਚਾਹੀਦੀਆਂ ਹਨ। ਅੱਜ ਪਾਣੀ ਨੂੰ ਇਕੱਤਰ ਕਰਨਾ, ਸੁਰੱਖਿਅਤ ਕਰਨਾ ਅਤੇ ਇਸ ਦੇ ਸਰੋਤਾਂ ਨੂੰ ਪੂਰੀ ਤਰਾਂ ਸਾਂਭਣ ਦੀ ਲੋੜ ਹੈ। ਘਰਾਂ ਦੇ ਵਿਹੜੇ ਚਾਹੇ ਸ਼ਹਿਰਾਂ ਵਿੱਚ ਹੋਣ ਜਾਂ ਪਿੰਡਾਂ ਵਿਚ, ਇੱਥੇ ਬੇਹਿਸਾਬਾ ਪਾਣੀ ਰੋੜ੍ਹਿਆ ਜਾਂਦਾ ਹੈ। ਫ਼ਲੱਸ਼ ਸਿਸਟਮ ਵਿੱਚ ਘੱਟੋ-ਘੱਟ ਔਸਤ 6 ਲੀਟਰ ਪਾਣੀ ਇਕ ਵਾਰ ਇਕ ਵਿਅਕਤੀ ਰੋੜ੍ਹ ਦਿੰਦਾ ਹੈ। ਗੱਡੀਆਂ ਧੋਣ ਲਈ ਥਾਂ-ਥਾਂ ਸਰਵਿਸ ਸਟੇਸ਼ਨ ਖੁੱਲ੍ਹੇ ਹੋਏ ਹਨ, ਇਥੇ ਵੀ ਸਾਫ਼ ਪਾਣੀ ਦੀ ਵਰਤੋਂ ਹੁੰਦੀ ਹੈ, ਜਿਸ ਦਾ ਕੋਈ ਹਿਸਾਬ-ਕਿਤਾਬ ਨਹੀਂ। ਅੱਜ ਨਹਾਉਣ ਲਈ ਬਾਲਟੀਆਂ ਦੀ ਜਗ੍ਹਾ ਵੱਡੇ-ਵੱਡੇ ਟੱਬ ਜਾਂ ਫੁਹਾਰਿਆਂ ਨੇ ਲੈ ਲਈ ਹੈ, ਜਿਸ ਦੀ ਪਾਣੀ ਦੀ ਵਰਤੋਂ ਨਾਪਣੀ ਅਸੰਭਵ ਹੈ। ਹੋਟਲਾਂ ਵਿੱਚ ਪਾਣੀ ਦੀ ਵਰਤੋਂ, ਸੜਕਾਂ ਧੋਣੀਆਂ, ਫੈਕਟਰੀਆਂ ਵੱਲੋਂ ਪੀਣ ਵਾਲੇ ਪਾਣੀ ਵਿੱਚ ਗੰਦਗੀ ਰਲਾਉਣੀ, ਮੌਸਮੀ ਤਬਦੀਲੀ, ਖੇਤਾਂ ਵਿੱਚ ਪਾਣੀ ਦੀ ਲੋੜੋਂ ਵੱਧ ਵਰਤੋਂ ਪਾਣੀ ਦੀ ਸਮੱਸਿਆ ਦੇ ਗੰਭੀਰ ਕਾਰਨ ਹਨ। ਇਹ ਅੰਦਾਜ਼ਾ ਲਗਾਇਆ ਜਾ ਚੁੱਕਿਆ ਹੈ ਕਿ ਸੰਨ 2030 ਤੱਕ ਧਰਤੀ ਉੱਤੇ ਪੀਣ ਵਾਲੇ ਪਾਣੀ ਦੀ ਏਨੀ ਘਾਟ ਹੋ ਜਾਣੀ ਹੈ ਕਿ 40 ਫ਼ੀਸਦੀ ਲੋਕਾਂ ਨੂੰ ਪੀਣ ਵਾਲਾ ਪਾਣੀ ਨਸੀਬ ਨਹੀਂ ਹੋਵੇਗਾ। ਮੌਜੂਦਾ ਸਮੇਂ ਸਾਰੇ ਦੇਸ਼ ਵਿੱਚ ਦੋ ਤਿਹਾਈ ਜਲ-ਸਰੋਤਾਂ ਵਿੱਚ ਪਾਣੀ ਦਾ ਪੱਧਰ ਆਮ ਨਾਲੋਂ ਘੱਟ ਹੈ। ਹਰ ਸਾਲ ਕਰੀਬ ਦੋ ਲੱਖ ਲੋਕ ਅਸੁਰੱਖਿਅਤ ਪਾਣੀ ਕਾਰਨ ਮੌਤ ਦੇ ਮੂੰਹ 'ਚ ਚਲੇ ਜਾਂਦੇ ਹਨ। 21ਵੀਂ ਸਦੀ ਦੇ ਭਾਰਤ ਲਈ ਪਾਣੀ ਦੀ ਖੋਜ ਅਤੇ ਇਸ ਦੀ ਸੰਭਾਲ ਇਕ ਵੱਡੀ ਚੁਣੌਤੀ ਬਣ ਗਈ ਹੈ। ਪਾਣੀ ਪ੍ਰਤੀ ਸੋਚ ਬਦਲਣ ਦੀ ਲੋੜ ਹੈ। ਭਾਰਤ ਜਾਂ ਇਸ ਵਰਗੇ ਦੇਸ਼ਾਂ ਵਿੱਚ 75 ਤੋਂ 80 ਫ਼ੀਸਦੀ ਪਾਣੀ ਘਰੇਲੂ ਜ਼ਰੂਰਤਾਂ ਲਈ ਵਰਤਿਆ ਜਾਂਦਾ ਹੈ। ਵਿਸ਼ਵ ਪੱਧਰ 'ਤੇ 70 ਫ਼ੀਸਦੀ ਪਾਣੀ ਖੇਤੀ ਲਈ, 22 ਫ਼ੀਸਦੀ ਪਾਣੀ ਉਦਯੋਗਾਂ ਲਈ ਅਤੇ 8 ਫ਼ੀਸਦੀ ਪਾਣੀ ਘਰੇਲੂ ਖਪਤ ਲਈ ਵਰਤਿਆ ਜਾਂਦਾ ਹੈ। ਜਦਕਿ ਇਹ ਖਪਤ ਵਿਕਸਤ ਦੇਸ਼ਾਂ ਵਿੱਚ ਉਲਟ ਹੈ। ਉੱਥ 50 ਫ਼ੀਸਦੀ ਪਾਣੀ ਉਦਯੋਗਾਂ ਲਈ, 30 ਫ਼ੀਸਦੀ ਪਾਣੀ ਖੇਤੀ ਲਈ ਅਤੇ 11 ਫ਼ੀਸਦੀ ਪਾਣੀ ਘਰੇਲੂ ਖਪਤ ਲਈ ਵਰਤਿਆ ਜਾਂਦਾ ਹੈ। ਇਸੇ ਲਈ ਹਰ ਵਿਕਸਤ ਦੇਸ਼ ਆਪਣਾ ਪਾਣੀ ਅਤੇ ਵਾਤਾਵਰਨ ਬਚਾਉਣ ਲਈ ਉਦਯੋਗ ਘੱਟ ਵਿਕਸਤ ਦੇਸ਼ਾਂ ਵਿੱਚ ਲਗਾ ਰਿਹਾ ਹੈ। ਸਭ ਦੀ ਕੋਸ਼ਿਸ਼ ਹੈ ਕਿ ਬਹੁਤੀ ਪੈਦਾਵਾਰ ਵਿਕਾਸਸ਼ੀਲ ਜਾਂ ਪੱਛੜੇ ਦੇਸ਼ਾਂ ਤੋਂ ਕਰਾਉਣ, ਤਾਂ ਕਿ ਉਨ੍ਹਾਂ ਦਾ ਉਤਯੋਗਿਕ ਖੇਤਰ ਦਾ ਪਾਣੀ ਬਚੇ। ਅੱਜ ਭਾਰਤ ਵਿੱਚ ਉਦਯੋਗ ਲਗਾਉਣ ਨੂੰ ਵੀ ਬੜੀ ਵੱਡੀ ਤਰਜੀਹ ਦਿੱਤੀ ਜਾ ਰਹੀ ਹੈ। ਇਸ ਦੇ ਦੋ ਕਾਰਨ ਹਨ, ਇਕ ਇੱਥੇ ਵੱਡੀ ਆਬਾਦੀ ਕਰਕੇ ਇਸ ਨੂੰ ਵੱਡੀ ਮੰਡੀ ਮਾਰਕਿਟ (ਖਪਤ) ਵਜੋਂ ਦੇਖਿਆ ਜਾ ਰਿਹਾ ਹੈ, ਦੂਸਰਾ ਇੱਥੇ ਕਿਰਤ ਸ਼ਕਤੀ ਸਸਤੀ ਮਿਲਦੀ ਹੈ।

ਪੰਜਾਬ ਵਿੱਚ ਧਰਤੀ ਹੇਠਲਾ ਪਾਣੀ ਲਗਾਤਾਰ ਨੀਵਾਂ ਹੁੰਦਾ ਜਾ ਰਿਹਾ ਹੈ। ਸੈਂਟਰਲ ਗਰਾਊਂਡ ਵਾਟਰ ਦੀ ਰਿਪੋਰਟ ਅਨੁਸਾਰ ਪੰਜਾਬ ਦੇ ਕੁਲ 143 ਬਲਾਕਾਂ ਵਿੱਚੋਂ 117 ਬਲਾਕਾਂ ਵਿੱਚ ਪਾਣੀ ਕੁਦਰਤੀ ਸੰਤੁਲਨ ਤੋਂ ਵੀ ਹੇਠਾਂ ਜਾ ਚੁੱਕਾ ਹੈ। ਸਿੱਟੇ ਵਜੋਂ ਇਨ੍ਹਾਂ 117 ਬਲਾਕਾਂ ਨੂੰ ਡਾਰਕ ਜ਼ੋਨ ਭਾਵ ਓਵਰ ਐਕਸਪਲੋਇਟਿਡ ਜ਼ੋਨ ਘੋਸ਼ਿਤ ਕਰ ਦਿੱਤਾ ਗਿਆ ਹੈ। 3 ਬਲਾਕਾਂ ਦੀ ਸਥਿਤੀ ਨਾਜ਼ਕ ਅਤੇ 13 ਬਲਾਕਾਂ ਦੀ ਸਥਿਤੀ ਅਰਧ ਨਾਜ਼ੁਕ ਹੈ। ਕੇਵਲ 20 ਬਲਾਕ ਹੀ ਸੁਰੱਖਿਅਤ ਘੋਸ਼ਿਤ ਕੀਤੇ ਗਏ ਹਨ। ਹਰ ਸਾਲ ਔਸਤਨ 0.5 ਮੀਟਰ ਦੀ ਦਰ ਨਾਲ ਧਰਤੀ ਹੇਠਲਾ ਪਾਣੀ ਹੋਰ ਨੀਵਾਂ ਹੋ ਰਿਹਾ ਹੈ। ਜੇਕਰ ਸਥਿਤੀ 'ਤੇ ਕਾਬੂ ਨਾ ਪਾਇਆ ਗਿਆ ਤਾਂ ਸੈਂਟਰਲ ਗਰਾਊਂਡ ਵਾਟਰ ਬੋਰਡ ਦੁਆਰਾ ਇਹ ਤੱਥ ਕੱਢਿਆ ਗਿਆ ਹੈ ਕਿ 2039 ਤੱਕ ਧਰਤੀ ਹੇਠਲਾ ਪਾਣੀ 300 ਮੀਟਰ ਤਕਰੀਬਨ 1000 ਫੁੱਟ ਤੋਂ ਵੀ ਹੇਠਾਂ ਚਲਿਆ ਜਾਵੇਗਾ ਅਤੇ ਪੰਜ ਦਰਿਆਵਾਂ ਦੀ ਧਰਤੀ ਪੰਜਾਬ ਬੰਜਰ ਬਣ ਕੇ ਰਹਿ ਜਾਵੇਗੀ। ਪੰਜਾਬ ਅੰਦਰ 72 ਫ਼ੀਸਦੀ ਰਕਬਾ ਜ਼ਮੀਨੀ ਪਾਣੀ ਨਾਲ ਸਿੰਜਿਆ ਜਾਂਦਾ ਹੈ। ਸਿਰਫ 28 ਫ਼ੀਸਦੀ ਰਕਬੇ 'ਤੇ ਹੀ ਸਿੰਚਾਈ ਨਹਿਰੀ ਪਾਣੀ ਰਹੀ ਹੋ ਰਹੀ ਹੈ। ਪੰਜਾਬ ਵਿੱਚ ਇਸ ਸਮੇਂ 15.29 ਲੱਖ ਟਿਊਬਵੈੱਲ ਹਨ, ਜਿਨ੍ਹਾਂ ਨਾਲ ਖੇਤੀ ਦੀ ਸਿੰਚਾਈ ਕੀਤੀ ਜਾਂਦੀ ਹੈ, ਇਸ ਨੂੰ ਰੋਕਣ ਲਈ ਹਰੇਕ ਪੱਧਰ ਤੇ ਸ਼ਹਿਰ 'ਚ ਯਤਨ ਕਰਨ ਦੀ ਲੋੜ ਹੈ। ਪੰਜਾਬ ਦਾ ਪਾਣੀ ਧਰਤੀ ਹੇਠਲੀਆਂ ਤਿੰਨ ਪਰਤਾਂ ਵਿੱਚ ਮੌਜੂਦ ਹੈ। ਜਿੱਥੋਂ ਤੱਕ ਪਾਣੀ ਦੀ ਪਹਿਲੀ ਪਰਤ ਦਾ ਸੰਬੰਧ ਹੈ, ਇਹ 10 ਤੋਂ 20 ਫੁੱਟ ਹੈ। ਇਸ ਪਰਤ ਨੂੰ ਅਸੀਂ ਕਈ ਦਹਾਕੇ ਪਹਿਲਾਂ ਹੀ ਖਤਮ ਕਰ ਚੁੱਕੇ ਹਾਂ। ਪਾਣੀ ਦੀ ਦੂਜੀ ਪਰਤ 100 ਤੋਂ 200 ਫੁੱਟ ਦੇ ਵਿਚਕਾਰ ਹੈ, ਇਸ ਨੂੰ ਲਗਭਗ 10 ਸਾਲ ਪਹਿਲਾਂ ਖੁਸ਼ਕ ਕਰ ਦਿੱਤਾ ਹੈ। ਪਾਣੀ ਦੀ ਤੀਜੀ ਪਰਤ 300 ਜਾਂ 350 ਫੁੱਟ ਤੋਂ ਵੱਧ ਡੂੰਘੀ ਹੈ, ਜਿਸ ਦੀ ਅਸੀਂ ਮੌਜੂਦਾ ਸਮੇਂ ਵਰਤੋਂ ਕਰ ਰਹੇ ਹਾਂ। ਇਕ ਅੰਦਾਜ਼ੇ ਮੁਤਾਬਕ ਪਾਣੀ ਦੀ ਇਹ ਤੀਜੀ ਪਰਤ ਅਗਲੇ ਦਹਾਕੇ ਤੱਕ ਖਾਲੀ ਹੋ ਜਾਵੇਗੀ। ਮਾਹਰਾਂ ਅਨੁਸਾਰ ਇਸ ਪਰਤ ਵਿਚਲੇ ਪਾਣੀ ਦੇ ਖ਼ਤਮ ਹੋਣ ਨਾਲ ਪੰਜਾਬ ਦੇ ਪਾਣੀਆਂ ਦੀਆਂ ਆਖਰੀ ਘੁੱਟਾਂ ਵੀ ਖ਼ਤਮ ਹੋ ਜਾਣਗੀਆਂ। ਜੇਕਰ ਹੁਣ ਵੀ ਠੋਸ ਉਪਰਾਲੇ ਨਾ ਕੀਤੇ ਗਏ ਤਾਂ ਉਹ ਦਿਨ ਦੂਰ ਨਹੀਂ, ਜਦੋਂ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਹਿੱਸੇ ਦਾ ਪਾਣੀ ਖ਼ਤਮ ਕਰ ਲਵਾਂਗੇ। ਹੁਣ ਤਾਂ ਲੋਕਾਂ ਨੂੰ ਪੰਜਾਬ ਅੰਦਰ ਸ਼ੁੱਧ ਪਾਣੀ ਦੀ ਘਾਟ ਵੀ ਰੜਕਣ ਲੱਗੀ ਹੈ। ਹੁਣ ਪੰਜਾਬ ਦੇ ਜਾਏ ਪੀਣ ਵਾਲੇ ਪਾਣੀ ਤੋਂ ਵੀ ਤਿਹਾਏ ਹਨ।

ਪੰਜਾਬ ਦੇ 30 ਫ਼ੀਸਦੀ ਧਰਤੀ ਹੇਠਲੇ ਪਾਣੀ ਦੇ ਨਮੂਨਿਆਂ ਵਿੱਚ ਯੂਰੇਨੀਅਮ ਦਾ ਪੱਧਰ ਵਧ ਰਿਹਾ ਹੈ। ਹਾਲ ਹੀ ਵਿੱਚ ਕੇਂਦਰੀ ਜਲ ਸ਼ਕਤੀ ਮੰਤਰਾਲੇ ਵੱਲੋਂ ਲੋਕ ਸਭਾ ਵਿੱਚ ਪੰਜਾਬ ਦੇ ਪਾਣੀ ਦੀ ਗੁਣਵੱਤਾ ਸੰਬੰਧੀ ਪੇਸ਼ ਕੀਤੀ ਗਈ ਇਕ ਰਿਪੋਰਟ ਮੁਤਾਬਕ ਰਾਜ ਦੇ 12 ਜ਼ਿਲ੍ਹਿਆਂ ਦੇ ਪਾਣੀ ਵਿੱਚ ਆਰਸੈਨਿਕ ਦੀ ਵਧੇਰੇ ਮਾਤਰਾ ਅਤੇ 20 ਜ਼ਿਲ੍ਹਿਆਂ ਦੇ ਪਾਣੀ ਵਿੱਚ ਨਾਈਟ੍ਰੇਟ ਦੀ ਵਧੇਰੇ ਮਾਤਰਾ ਹੈ। ਇਸ ਰਿਪੋਰਟ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਪੰਜਾਬ ਦੇ 26.57 ਫ਼ੀਸਦੀ ਪਾਣੀ ਵਿੱਚ ਸੋਡੀਅਮ ਕਾਰਬੋਨੇਟ ਦੀ ਵਧੇਰੇ ਮਾਤਰਾ ਹੈ, ਜਿਸ ਕਾਰਨ ਇਹ ਪਾਣੀ ਸਿੰਚਾਈ ਦੇ ਯੋਗ ਨਹੀਂ ਹੈ, ਕਿਉਂਕਿ ਸੋਡੀਅਮ ਕਾਰਬੋਨੇਟ ਦੀ ਵਧੇਰੇ ਮਾਤਰਾ ਫ਼ਸਲਾਂ ਨੂੰ ਵੀ ਵਧੇਰੇ ਨੁਕਸਾਨ ਪਹੁੰਚਾਉਂਦੀ ਹੈ। ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ ਦੀ ਇਕ ਹੋਰ ਰਿਪੋਰਟ ਵਿੱਚ ਵੀ ਕਿਹਾ ਗਿਆ ਹੈ ਕਿ ਪੰਜਾਬ ਵਿੱਚ ਨਦੀਆਂ-ਨਾਲਿਆਂ ਦੇ ਕੋਲ ਰਹਿਣ ਵਾਲੇ ਲੋਕਾਂ ਨੂੰ ਕੈਂਸਰ ਦਾ ਬਹੁਤ ਜ਼ਿਆਦਾ ਖ਼ਤਰਾ ਹੈ, ਕਿਉਂਕਿ ਪੰਜਾਬ ਦੇ ਕਈ ਨਦੀਆਂ-ਨਾਲੀਆਂ ਦੇ ਪਾਣੀ ਵਿੱਚ ਸ਼ੀਸ਼ਾ, ਲੋਹਾ ਅਤੇ ਐਲੂਮੀਨੀਅਮ ਵਰਗੀਆਂ ਭਾਰੀ ਧਾਤਾਂ ਪਾਈਆਂ ਜਾ ਰਹੀਆਂ ਹਨ। ਧਰਤੀ ਹੇਠਲੇ ਪਾਣੀ ਦਾ ਪ੍ਰਦੂਸ਼ਣ ਪੰਜਾਬ ਲਈ ਖਤਰੇ ਦੀ ਘੰਟੀ ਹੈ। ਜਿੱਥੋਂ ਤੱਕ ਹੋ ਸਕੇ ਪਾਣੀ ਰੀਸਾਈਕਲ ਕੀਤਾ ਜਾਵੇ। ਸਾਫ਼ ਪਾਣੀ ਦੀ ਘਟਦੀ ਮਾਤਰਾ ਸੰਬੰਧੀ ਹਰ ਵਿਅਕਤੀ ਨੂੰ ਜਾਗਰੂਕ ਕੀਤਾ ਜਾਵੇ, ਤਾਂ ਕਿ ਪਾਣੀ ਦੀ ਵਰਤੋਂ ਵਿੱਚ ਵੱਧ ਤੋਂ ਵੱਧ ਕਿਫ਼ਾਇਤ ਹੋ ਸਕੇ। ਪਾਣੀ ਦੀ ਵਰਤੋਂ ਬੜੀ ਸਾਵਧਾਨੀ ਨਾਲ ਕੀਤੀ ਜਾਵੇ। ਦੰਦਾਂ ਨੂੰ ਬਰੁਸ਼ ਕਰਦੇ ਸਮੇਂ ਟੂਟੀ ਨੂੰ ਬੰਦ ਰੱਖਿਆ ਜਾਵੇ। ਇਸ ਤਰ੍ਹਾਂ ਕਰਨ ਨਾਲ ਤੁਸੀਂ ਇੱਕ ਮਿੰਟ ਵਿੱਚ 6 ਲੀਟਰ ਅਤੇ ਇਕ ਹਫ਼ਤੇ ਵਿੱਚ ਲਗਭਗ 60 ਲੀਟਰ ਪਾਣੀ ਦੀ ਬਚਤ ਕਰ ਸਕਦੇ ਹੋ। ਘੱਟ ਪਾਣੀ ਨਾਲ ਨਹਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਪਾਵਰ ਸ਼ਾਵਰ ਨਾਲ ਨਹਾਉਣ ਨਾਲ ਵਧੇਰੇ ਪਾਣੀ ਖਰਚ ਹੁੰਦਾ ਹੈ, ਇਸ ਲਈ ਸ਼ਾਵਰ ਛੋਟਾ ਰੱਖੋ, ਜੋ ਪਾਣੀ ਨੂੰ ਬਚਾਉਣ ਵਾਲਾ ਹੋਵੇ ਤੇ ਆਪਣੇ ਮੋਬਾਇਲ 'ਤੇ ਟਾਈਮਰ ਸੈੱਟ ਕਰ ਲਓ। ਇਸ ਤਰ੍ਹਾਂ ਇਕ ਵਾਰ ਨਹਾਉਣ ਸਮੇਂ 17 ਲੀਟਰ ਪਾਣੀ ਤੱਕ

3-JUNE-PAGE-5.qxd 6/2/2025 9:01 PM Page 1

ਸੰਯੁਕਤ ਕਿਸਾਨ ਮੋਰਚੇ ਵੱਲੋਂ ਜਗਰਾਓਂ 'ਚ ਜਬਰ ਵਿਰੋਧੀ ਧਰਨਾ ਤੇ ਮੁਜ਼ਾਹਰਾ

■ ਪੰਜਾਬ ਦੇ ਕੋਨੇ ਕੋਨੇ ਤੋਂ ਪਹੁੰਚੇ ਹਜ਼ਾਰਾਂ ਮਜ਼ਦੂਰ ਤੇ ਕਿਸਾਨ

ਜਗਰਾਓਂ (ਅਮਿਤ ਖੰਨਾ, ਸੰਜੀਵ ਅਰੋੜਾ)

ਸੋਮਵਾਰ ਜਗਰਾਓਂ ਦੀ ਨਵੀਂ ਅਨਾਜ ਮੰਡੀ ਵਿਖੇ ਸੰਯੁਕਤ ਕਿਸਾਨ ਮੋਰਚਾ ਪੰਜਾਬ ਦੇ ਸੱਦੇ 'ਤੇ ਜਬਰ ਵਿਰੋਧੀ ਧਰਨਾ ਦਿੱਤਾ ਗਿਆ ਅਤੇ ਬਾਅਦ ਵਿੱਚ ਸ਼ਹਿਰ ਵਿੱਚ ਮੁਜ਼ਾਹਰਾ ਵੀ ਕੀਤਾ ਗਿਆ।ਇਸ ਪ੍ਰੋਗਰਾਮ ਵਿੱਚ ਪੰਜਾਬ ਦੇ ਕੋਨੇ ਕੋਨੇ ਤੋਂ ਹਜ਼ਾਰਾਂ ਕਿਸਾਨ, ਮਜ਼ਦੂਰ ਤੇ ਔਰਤਾਂ ਪੂਰੇ ਜੋਸ਼ ਨਾਲ ਸ਼ਾਮਲ ਹੋਈਆਂ।ਪ੍ਰੋਗਰਾਮ ਦੇ ਅਖੀਰ 'ਤੇ ਸ਼ਹਿਰ ਵਿੱਚ ਰੋਹ ਭਰਪੂਰ ਮੁਜ਼ਾਹਰਾ ਕਰਕੇ ਕੁਲਪ੍ਰੀਤ ਸਿੰਘ ਏਡੀਸੀ ਨੂੰ ਮੰਗ ਪੱਤਰ ਦਿੱਤਾ ਗਿਆ।ਹਜ਼ਾਰਾਂ ਦੇ ਇਕੱਠ ਵਿੱਚ ਕਿਸਾਨ ਤੇ ਮਜ਼ਦੂਰ ਜਥੇਬੰਦੀਆਂ ਤੋਂ ਇਲਾਵਾ ਕੈਂਸਰ ਫੈਲਾਉਣ ਵਾਲੀਆਂ ਗੈਸ ਫੈਕਟਰੀਆਂ ਵਿਰੋਧੀ ਤਾਲਮੇਲ ਕਮੇਟੀ ਦੇ ਆਗੂ ਤੇ ਲੋਕ ਵੀ ਸ਼ਾਮਲ ਹੋਏ।ਇਸ ਇਕੱਠ ਨੂੰ ਸੰਬੋਧਨ ਕਰਦਿਆਂ ਸੰਯੁਕਤ ਕਿਸਾਨ ਮੋਰਚਾ ਤੇ ਭਰਾਤਰੀ ਜਥੇਬੰਦੀਆਂ ਦੇ ਵੱਖ-ਵੱਖ ਆਗੂਆਂ ਜੋਗਿੰਦਰ ਸਿੰਘ ਉਗਰਾਹਾਂ, ਗੁਰਦੀਪ ਸਿੰਘ ਰਾਮਪੁਰਾ, ਰੁਲਦੂ ਸਿੰਘ ਮਾਨਸਾ, ਅਵਤਾਰ ਸਿੰਘ ਮੇਹਲੋਂ, ਸੂਰਤ ਸਿੰਘ ਧਰਮਕੋਟ, ਰਘਬੀਰ ਸਿੰਘ ਬੈਨੀਪਾਲ, ਬਲਰਾਜ ਸਿੰਘ ਕੋਟਉਮਰਾ, ਜਤਿੰਦਰ ਸਿੰਘ ਛੀਨਾ, ਸੁਖਦੇਵ ਸਿੰਘ ਭੂੰਦੜੀ, ਕੰਵਲਜੀਤ ਖੰਨਾ, ਮਨਜੀਤ ਸਿੰਘ ਧਨੇਰ, ਮਹਾਂਵੀਰ ਸਿੰਘ ਗਿੱਲ, ਚਰਨ ਸਿੰਘ ਨੂਰਪੁਰਾ, ਬੂਟਾ ਸਿੰਘ ਚਕਰ, ਛਿੰਦਰਪਾਲ ਕੌਰ ਨੇ ਕਿਹਾ ਕਿ ਪਿਛਲੇ ਕੁੱਝ ਮਹੀਨਿਆਂ ਤੋਂ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਸਾਰੇ ਪਾਸੇ ਲੋਕਾਂ 'ਤੇ ਜਬਰ ਕਰਨ ਦਾ ਰਾਹ ਫੜਿਆ ਹੋਇਆ ਹੈ।ਬੀਤੀ 5 ਮਾਰਚ ਨੂੰ ਚੰਡੀਗੜ੍ਹ ਜਾਣ ਵਾਲੇ ਕਿਸਾਨਾਂ 'ਤੇ ਜਬਰ, 19 ਮਾਰਚ ਨੂੰ ਸ਼ੰਭੂ ਤੇ ਖਨੌਰੀ ਬਾਰਡਰਾਂ 'ਤੇ ਜਬਰ ਕਰਨਾ, ਚਾਉਕੇ ਸਕੂਲ ਦੇ ਅਧਿਆਪਕਾਂ 'ਤੇ ਜ਼ੁਲਮ, ਕੁੱਲਰੀਆਂ, ਬਠੋਈ ਕਲਾਂ, ਜਿਉਂਦ, ਸੀਡ ਫਾਰਮ ਅਬੋਹਰ ਤੇ ਹੋਰ ਥਾਵਾਂ 'ਤੇ ਲੋਕਾਂ ਦੀਆਂ ਜ਼ਮੀਨਾਂ ਜਬਰੀ ਖੋਹਣੀਆਂ, ਭਾਰਤ ਮਾਲਾ ਪ੍ਰੋਜੈਕਟ ਲਈ ਜ਼ਮੀਨਾਂ ਜਬਰੀ ਖੋਹਣ ਸਮੇਂ ਲੋਕਾਂ 'ਤੇ ਜ਼ੁਲਮ ਕਰਨਾ, ਬੀੜ ਐਸ਼ਬਾਨ ਤੇ ਚੰਦਭਾਨ ਵਿਖੇ ਮਜ਼ਦੂਰਾਂ 'ਤੇ ਜ਼ੁਲਮ ਕਰਨਾ ਅਤੇ ਨਸ਼ਿਆਂ ਵਿਰੁੱਧ ਯੁੱਧ ਦੀ ਆੜ ਵਿੱਚ ਝੂਠੇ ਪੁਲਸ ਮੁਕਾਬਲਿਆਂ ਦਾ ਦੌਰ ਚਲਾਉਣਾ, ਇਸ ਜਬਰ ਦੀਆਂ ਉਦਾਹਰਨਾਂ ਹਨ।ਪੁਲਸ ਨੂੰ ਦਿੱਤੀ ਖੁੱਲ੍ਹੀ ਛੁੱਟੀ ਦਾ ਨਤੀਜਾ ਹੈ ਕਿ ਬਠਿੰਡਾ ਸੀਆਈਏ ਸਟਾਫ ਨੇ ਨੌਜਵਾਨ ਨਰਿੰਦਰ ਦੀਪ ਸਿੰਘ ਦਾ ਕਤਲ ਕਰ ਦਿੱਤਾ ਹੈ। ਪਟਿਆਲਾ ਵਿਖੇ ਕਰਨਲ ਬਾਠ ਤੇ ਉਸ ਦੇ ਬੇਟੇ ਦੀ ਕੁੱਟਮਾਰ ਵੀ ਕਿਸੇ ਤੋਂ ਭੁੱਲੀ ਨਹੀਂ ਹੈ।ਬੁਲਾਰਿਆਂ ਨੇ ਕਿਹਾ ਕਿ ਇਹ ਸਭ ਕੁੱਝ ਇੱਕ ਸੋਚੀ ਸਮਝੀ ਸਕੀਮ ਅਧੀਨ ਹੋ ਰਿਹਾ ਹੈ।

ਅਮਰੀਕਾ ਨਾਲ ਮੁਕਤ ਵਪਾਰ ਸਮਝੌਤਾ ਕਰਨ ਲਈ ਰਾਹ ਪੱਧਰਾ ਕਰ ਕੇ ਕਾਰਪੋਰੇਟਾਂ ਦੇ ਮੁਨਾਫ਼ਿਆਂ ਦੀ ਗਰੰਟੀ ਕਰਨਾ ਇਸ ਜਬਰ ਦਾ ਮਕਸਦ ਹੈ।ਮੁੱਖ ਮੰਤਰੀ ਦੀ ਕਿਸਾਨ ਜਥੇਬੰਦੀਆਂ ਖ਼ਿਲਾਫ਼ ਬਿਨਾਂ ਸਿਰ ਪੈਰ ਇਲਜ਼ਾਮਬਾਜ਼ੀ ਵੀ ਇਸੇ ਸਕੀਮ ਦਾ ਹਿੱਸਾ ਹੈ।ਮੁੱਖ ਮੰਤਰੀ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਕਿਸਾਨ ਜਥੇਬੰਦੀਆਂ ਲੋਕਾਂ ਦੇ ਸੰਘਰਸ਼ਾਂ ਦੀ ਨੋਕ ਬਣੀਆਂ ਹੋਈਆਂ ਹਨ ਤੇ ਇਨ੍ਹਾਂ ਨੂੰ ਬਦਨਾਮ ਕੀਤੇ ਬਿਨਾਂ ਲੋਕਾਂ 'ਤੇ ਆਪਣਾ ਕਾਰਪੋਰੇਟ ਪੱਖੀ ਏਜੰਡਾ ਲਾਗੂ ਕਰਨਾ ਆਸਾਨ ਨਹੀਂ ਹੈ।

ਸੰਯੁਕਤ ਕਿਸਾਨ ਮੋਰਚੇ ਨੇ ਕਿਸਾਨ ਜਥੇਬੰਦੀਆਂ ਖ਼ਿਲਾਫ਼ ਬਿਆਨਬਾਜ਼ੀ ਕਾਰਨ ਮੁੱਖ ਮੰਤਰੀ ਨੂੰ ਨਿਸ਼ਾਨੇ 'ਤੇ ਰੱਖਿਆ ਤੇ ਕਿਹਾ ਕਿ ਕਿਸਾਨ ਜਥੇਬੰਦੀਆਂ ਨੂੰ ਮੁੱਖ ਮੰਤਰੀ ਦਾ ਚੈਲੇਂਜ ਸਵੀਕਾਰ ਹੈ, ਮੁੱਖ ਮੰਤਰੀ ਸਾਨੂੰ ਲਾਈਵ ਬਹਿਸ ਦਾ ਸਮਾਂ ਤੇ ਸਥਾਨ ਦੱਸਣ।ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨ ਜਥੇਬੰਦੀਆਂ ਮੁੱਢ ਤੋਂ ਹੀ ਡੈਮ ਸੇਫਟੀ ਐਕਟ ਦਾ ਵਿਰੋਧ ਕਰਦੀਆਂ ਆ ਰਹੀਆਂ ਹਨ, ਜਿਸ ਨੂੰ ਪੰਜਾਬ ਸਰਕਾਰ ਨੇ ਵਿਧਾਨ ਸਭਾ ਵਿੱਚ ਮਤਾ ਪਾ ਕੇ ਅੱਜ ਤੱਕ ਰੱਦ ਨਹੀਂ ਕੀਤਾ।ਕਿਸਾਨ ਜਥੇਬੰਦੀਆਂ ਵੱਲੋਂ ਵਿਰੋਧ ਕਰਨ ਦੇ ਬਾਵਜੂਦ ਜਲ ਸੋਧ ਐਕਟ ਲਾਗੂ ਕਰਕੇ ਸਨਅਤਕਾਰਾਂ ਨੂੰ ਪਾਣੀ ਗੰਦਾ ਕਰਨ ਦੀ ਖੁੱਲ੍ਹੀ ਛੁੱਟੀ ਦੇ ਦਿੱਤੀ ਹੈ।

ਸੰਯੁਕਤ ਕਿਸਾਨ ਮੋਰਚੇ ਨੇ ਚੇਤਾਵਨੀ ਦਿੱਤੀ ਕਿ ਭਗਵੰਤ ਮਾਨ ਸਰਕਾਰ ਦੀਆਂ ਇਹ ਚਾਲਾਂ ਸਫ਼ਲ ਨਹੀਂ ਹੋਣ ਦਿੱਤੀਆਂ ਜਾਣਗੀਆਂ।ਇਸ ਸਮੇਂ ਗੋਨਿਆਣਾ ਮੰਡੀ ਦੇ ਨੌਜਵਾਨ ਅਧਿਆਪਕ ਨਰਿੰਦਰ ਦੀਪ ਸਿੰਘ ਦੇ ਸੀਆਈਏ ਬਠਿੰਡਾ ਵਿੱਚ ਕੀਤੇ ਗਏ ਕਤਲ ਦੀ ਨਿਆਂਇਕ ਜਾਂਚ ਰਵਾ ਕੇ ਇਨਸਾਫ ਦੇਣ, ਨਸ਼ਾ ਬੰਦ ਕਰਨ ਦੀ ਆੜ ਹੇਠ ਆਮ ਲੋਕਾਂ ਦੀ ਫੜੋ ਫੜੀ ਬੰਦ ਕਰ ਕੇ ਵੱਡੇ ਨਸ਼ਾ ਤਸਕਰਾਂ ਖਿਲਾਫ਼ ਨਕੇਲ ਕਸਣ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਗ੍ਰਿਫ਼ਤਾਰ ਕੀਤੇ ਆਗੂਆਂ ਨੂੰ ਬਿਨਾਂ ਸ਼ਰਤ ਰਿਹਾਅ ਕਰਨ, ਆਦਰਸ਼ ਸਕੂਲ ਚਾਉਕੇ ਦਾ ਮਸਲਾ ਸਮਝੌਤੇ ਅਨੁਸਾਰ ਹੱਲ ਕਰਨ, ਕੁੱਲਰੀਆਂ ਜ਼ਮੀਨ ਮਾਲਕ ਕਿਸਾਨਾਂ ਦਾ ਹੱਕ ਤਸਲੀਮ ਕਰਨ, ਕੈਂਸਰ ਵੰਡ ਰਹੀਆਂ ਬਾਇਓ ਗੈਸ ਫੈਕਟਰੀਆਂ ਬੰਦ ਕਰਨ, ਚਮਕੌਰ ਸਾਹਿਬ ਨੇੜੇ ਸੀਮਿੰਟ ਫੈਕਟਰੀ ਲਾਉਣ ਦਾ ਫੈਸਲਾ ਰੱਦ ਕਰਨ, ਗਲਾਡਾ ਵੱਲੋਂ ਲੁਧਿਆਣਾ ਜ਼ਿਲ੍ਹੇ ਅੰਦਰ 24311 ਏਕੜ ਜ਼ਮੀਨ ਹੜੱਪਣ ਦਾ ਫ਼ੈਸਲਾ ਵਾਪਸ ਲੈਣ, ਆਦਿਵਾਸੀਆਂ/ਮਾਓਵਾਦੀਆਂ ਖਿਲਾਫ਼ ਕੇਂਦਰੀ ਹਕੂਮਤ ਵੱਲੋਂ ਵਿੱਢਿਆ 'ਅਪ੍ਰੇਸ਼ਨ ਕਗਾਰ' ਬੰਦ ਕਰਨ ਆਦਿ ਮਤੇ ਅਕਾਸ਼ ਗੁੰਜਾਊ ਨਾਹਰਿਆਂ ਨਾਲ ਪਾਸ ਕੀਤੇ ਗਏ।

ਨਰਿੰਦਰ ਦੀਪ ਸਿੰਘ ਦੇ ਕਤਲ ਕੇਸ ਦੀ ਜਾਂਚ ਹਾਈਕੋਰਟ ਦੇ ਜੱਜ ਹਵਾਲੇ ਕੀਤੀ ਜਾਵੇ : ਲਿਬਰੇਸ਼ਨ

ਮਾਨਸਾ/ਲੁਧਿਆਣਾ (ਆਤਮਾ ਸਿੰਘ ਪਮਾਰ/ਰੈਕਟਰ ਕਥੂਰੀਆ)-ਸੀ ਪੀ ਆਈ ਐਮ ਐਲ ਲਿਬਰੇਸ਼ਨ ਨੇ ਗੋਨੇਆਣਾ ਦੇ ਇੱਕ ਨੌਜਵਾਨ ਪ੍ਰਾਈਵੇਟ ਟੀਚਰ ਨਰਿੰਦਰ ਦੀਪ ਸਿੰਘ ਨੂੰ ਸੀ ਆਈ ਏ ਬਠਿੰਡਾ ਵਲੋਂ ਅਣਮਨੁੱਖੀ ਤਸੀਹੇ ਦੇ ਕੇ ਮਾਰਨ ਦੀ ਸਖ਼ਤ ਨਿੰਦਾ ਕੀਤੀ ਹੈ ਅਤੇ ਉਸ ਦੇ ਪਰਵਾਰ ਨੂੰ ਇਨਸਾਫ ਤੇ ਕਾਤਲ ਪੁਲਸੀਆਂ ਨੂੰ ਸਜ਼ਾ ਦਿਵਾਉਣ ਲਈ ਚੱਲ ਰਹੇ ਜਨਤਕ ਸੰਘਰਸ਼ ਨੂੰ ਡੱਟਵਾਂ ਸਮਰਥਨ ਦੇਣ ਦਾ ਐਲਾਨ ਕੀਤਾ ਹੈ।ਪਾਰਟੀ ਵਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਜਾਪਦਾ ਹੈ ਭਗਵੰਤ ਮਾਨ ਸਰਕਾਰ ਨੇ ਪੁਲਸ ਨੂੰ ਖੁੱਲ੍ਹੀ ਛੁੱਟੀ ਦਿੱਤੀ ਹੋਈ ਹੈ ਕਿ ਉਹ ਝੂਠੇ ਪੁਲਸ ਮੁਕਾਬਲਿਆਂ ਰਾਹੀਂ ਜਾਂ ਤਸ਼ੱਦਦ ਕਰਕੇ ਨੌਜਵਾਨਾਂ ਨੂੰ ਖਤਮ ਕਰ ਸਕਦੀ ਹੈ।ਇਸੇ ਸਿਲਸਿਲੇ ਵਿੱਚ ਸੀ ਆਈ ਏ ਸਟਾਫ਼ ਬਠਿੰਡਾ ਨੇ 23 ਮਈ ਨੂੰ ਨਰਿੰਦਰ ਦੀਪ ਸਿੰਘ ਨੂੰ ਅਗਵਾ ਕਰਕੇ ਕਤਲ ਕਰ ਦਿੱਤਾ, ਪਰ ਇੰਨੇ ਦਿਨਾਂ ਬਾਅਦ ਵੀ ਪਰਵਾਰ ਅਤੇ ਆਮ ਲੋਕ ਇਹ ਜਾਣਨਾ ਚਾਹੁੰਦੇ ਹਨ ਕਿ ਆਖ਼ਰ ਨਰਿੰਦਰ ਦਾ ਗੁਨਾਹ ਕੀ ਸੀ? ਮੁੱਖ ਮੰਤਰੀ ਮਾਨ ਦੀ ਸੰਵੇਦਨਹੀਣਤਾ ਦਾ ਆਲਮ ਇਹ ਹੈ ਕਿ ਦੋ ਦਿਨ ਗੋਨੇਆਣਾ ਦੇ ਬਿਲਕੁੱਲ ਕਰੀਬ ਬਠਿੰਡਾ ਵਿਖੇ ਗੁਜ਼ਾਰਨ ਦੇ ਬਾਵਜੂਦ ਉਨ੍ਹਾਂ ਨੇ ਪੁਲਸ ਵਲੋਂ ਮਾਰੇ ਗਏ ਨੌਜਵਾਨ ਦੇ ਦੁਖੀ ਤੇ ਪੀੜਤ ਮਾਪਿਆਂ ਨਾਲ ਹਮਦਰਦੀ ਜ਼ਾਹਰ ਕਰਨ ਲਈ ਪੰਜ ਮਿੰਟ ਵੀ ਨਹੀਂ ਕੱਢੇ।ਪਾਰਟੀ ਨੇ ਮੰਗ ਕੀਤੀ ਹੈ ਕਿ ਇਸ ਕੇਸ ਦੀ ਐਫ਼ ਆਈ ਆਰ ਵਿੱਚ ਜੋ ਗੈਰ ਇਰਾਦਤਨ ਕਤਲ ਦੀ ਧਾਰਾ ਲਾਈ ਹੈ, ਉਸ ਦੀ ਬਜਾਏ ਸਿੱਧੀ ਕਤਲ ਦੀ ਧਾਰਾ ਲਗਾਈ ਜਾਵੇ ਅਤੇ ਇਸ ਦੀ ਜਾਂਚ ਹਾਈਕੋਰਟ ਦੇ ਜੱਜ ਦੇ ਜਾਂ ਸੀ ਬੀ ਆਈ ਦੇ ਹਵਾਲੇ ਕੀਤੀ ਜਾਵੇ।ਲਿਬਰੇਸ਼ਨ ਪਾਰਟੀ ਨੇ ਇਸ ਕਤਲ ਕਾਂਡ ਸਬੰਧੀ ਬਣੀ ਐਕਸ਼ਨ ਕਮੇਟੀ ਵੱਲੋਂ ਇਨਸਾਫ਼ ਲੈਣ ਲਈ 5 ਜੂਨ ਨੂੰ ਐਸ ਐਸ ਪੀ ਬਠਿੰਡਾ ਦੇ ਦਫ਼ਤਰ ਸਾਹਮਣੇ ਰੋਸ ਪ੍ਰਦਰਸ਼ਨ ਕਰਨ ਦੇ ਸੱਦੇ ਨੂੰ ਪੂਰਨ ਹਮਾਇਤ ਦਾ ਐਲਾਨ ਵੀ ਕੀਤਾ ।

ਆਪਣਾ ਮਕਾਨ ਵੇਚ ਲੱਖਾਂ ਰੁਪਏ ਖਰਚ ਕਰਕੇ ਵਿਦੇਸ਼ ਭੇਜੀ ਪਤਨੀ ਨੇ ਕੀਤਾ ਧੋਖਾ

■ ਪ੍ਰੇਸ਼ਾਨ ਪਤੀ ਨੇ ਘਰ 'ਚ ਫਾਹਾ ਲਗਾ ਕੇ ਕੀਤੀ ਖੁਦਕੁਸ਼ੀ
■ ਪਰਵਾਰ ਵੱਲੋਂ ਪਤਨੀ ਤੇ ਸੱਸ ਖਿਲਾਫ਼ ਕਾਰਵਾਈ ਦੀ ਮੰਗ

ਬਠਿੰਡਾ (ਪਰਵਿੰਦਰ ਜੀਤ ਸਿੰਘ)

ਬਠਿੰਡਾ ਦੇ ਸ਼ਕਤੀ ਵਿਹਾਰ ਵਿਖੇ ਕਿਰਾਏ ਦੇ ਮਕਾਨ 'ਚ ਰਹਿ ਰਹੇ ਬਵਨੀਤ ਸਿੰਘ ਨਾਮ ਦੇ ਮ੍ਰਿਤਕ ਨੌਜਵਾਨ ਦੇ ਮਾਤਾ ਤੇ ਭੈਣ ਨੇ ਕਿਹਾ ਹੈ ਕਿ ਸਾਡਾ ਲੜਕਾ ਤੇ ਉਹ ਲੜਕੀ ਸਕੂਲ ਟਾਈਮ ਤੋਂ ਹੀ ਇਕੱਠੇ ਰਹਿੰਦੇ ਆ ਰਹੇ ਸਨ ਅਤੇ 2018 ਵਿੱਚ ਲੜਕੀ ਦੇ ਕਹਿਣ 'ਤੇ ਲੜਕੇ ਵੱਲੋਂ ਉਸ ਨਾਲ ਸ਼ਾਦੀ ਕਰਵਾ ਲਈ ਗਈ, ਜਿਸ ਦੇ ਚਲਦੇ ਅਸੀਂ ਆਪਣਾ ਮਕਾਨ ਵੇਚਿਆ ਤੇ ਜੋ ਲੜਕੀ ਨੇ ਮੰਗਿਆ ਅਸੀਂ ਉਸ ਨੂੰ ਉਹ ਦਿੱਤਾ। ਉਸ ਦੇ ਹਿਸਾਬ ਨਾਲ ਸਾਰਾ ਕੁਝ ਅਸੀਂ ਲੈ ਕੇ ਆਏ, ਪ੍ਰੰਤੂ ਅੱਜ ਜੋ ਦਿਨ ਦੇਖ ਰਹੇ ਹਾਂ, ਇਹ ਸਾਰਾ ਕੁਝ ਉਸ ਦੀ ਬਦੌਲਤ ਹੈ। ਸੰਨ 2018 ਵਿੱਚ ਵਿਆਹ ਹੋਣ ਤੋਂ ਬਾਅਦ 2021 ਵਿੱਚ ਸਾਡੇ ਲੜਕੇ ਦੀ ਘਰਵਾਲੀ ਨੇ ਕਿਹਾ ਕਿ ਉਸ ਨੇ ਵਿਦੇਸ਼ ਜਾਣਾ ਹੈ ਤਾਂ ਲੜਕੇ ਨੇ ਪੈਸੇ ਇਕੱਠੇ ਕਰ ਉਸ ਨੂੰ ਕੈਨੇਡਾ ਵਿਖੇ ਭੇਜਿਆ, 2021 ਤੋਂ ਬਾਅਦ ਉਹ ਬਠਿੰਡਾ ਵਿਖੇ 2023 ਵਿੱਚ ਆਈ ਸੀ ਤੇ ਵਾਪਸ ਚਲੀ ਗਈ, ਪਰ ਉਸ ਤੋਂ ਬਾਅਦ ਫਿਰ ਉਹ 2024 ਵਿੱਚ ਲੜਕੇ ਦੀ ਰਿਸ਼ਤੇਦਾਰੀ ਵਿੱਚ ਵਿਆਹ ਸਮਾਗਮ ਵਿੱਚ ਆਈ, ਉਸ ਸਮੇਂ ਮੇਰੇ ਲੜਕੇ ਵੱਲੋਂ ਜਦ ਉਸ ਦਾ ਬੈਂਕ ਖਾਤਾ ਚੈੱਕ ਕੀਤਾ ਗਿਆ ਤਾਂ ਉਸ ਦੇ ਵਿੱਚ ਇੱਕ ਲੱਖ 20 ਹਜ਼ਾਰ ਰੁਪਏ ਆਏ ਸਨ।ਜਦ ਮੇਰੇ ਲੜਕੇ ਨੇ ਉਸ ਪੈਸਿਆਂ ਬਾਰੇ ਪੁੱਛਣਾ ਚਾਹਿਆ ਤਾਂ ਉਸ ਨੇ ਕਿਹਾ ਕਿ ਇਹ ਮੇਰੇ ਨਾਲ ਕੰਮ ਕਰਦੇ ਲੜਕੇ ਨੇ ਭੇਜੇ ਹਨ, ਮੈਂ ਇਸ ਤੋਂ ਪੈਸੇ ਲੈਣੇ ਸੀ, ਜਿਸਦੇ ਚਲਦੇ ਉਸ ਨੇ ਮੇਰੇ ਖਾਤੇ ਵਿੱਚ ਪੈਸੇ ਪਾਏ ਹਨ।ਉਸ ਸਮੇਂ ਤੋਂ ਲੈ ਕੇ ਸਾਡੇ ਲੜਕੇ ਨੂੰ ਸ਼ੱਕ ਹੋਣ ਲੱਗਿਆ ਕਿ ਮੇਰੀ ਘਰਵਾਲੀ ਦੇ ਰਿਲੇਸ਼ਨ ਕਿਸੇ ਹੋਰ ਲੜਕੇ ਨਾਲ ਹੈ, ਜਦ ਉਸ ਨੂੰ ਪੁੱਛਦਾ ਸੀ ਉਲਟਾ ਉਸ ਨਾਲ ਬਹਿਸਬਾਜ਼ੀ ਕਰਦੀ ਸੀ, 2024 'ਚ ਵਾਪਸ ਜਾਣ ਤੋਂ ਬਾਅਦ ਉਸ ਲੜਕੀ ਨੇ ਸਾਡੇ ਨਾਲ ਸੰਪਰਕ ਤੋੜ ਲਿਆ, ਨਾ ਤਾਂ ਮੇਰੀ ਲੜਕੀ ਨਾਲ ਗੱਲ ਕਰਦੀ ਸੀ ਤੇ ਨਾ ਹੀ ਮੇਰੇ ਨਾਲ ਗੱਲ ਕਰਦੀ ਸੀ, ਇਥੋਂ ਤੱਕ ਕਿ ਸਾਡੇ ਸਾਰਿਆਂ ਦੇ ਨੰਬਰ ਬਲੌਕ ਕਰ ਦਿੱਤੇ ਗਏ ਸਨ। ਮ੍ਰਿਤਕ ਨੌਜਵਾਨ ਬਵਨੀਤ ਸਿੰਘ ਦੇ ਪਰਿਵਾਰਕ ਮੈਂਬਰਾਂ ਨੇ ਰੋਂਦੇ ਰੋਂਦੇ ਕਿਹਾ ਕਿ ਬੇਸ਼ੱਕ ਪੁਲਸ ਨੇ ਲੜਕੇ ਦੀ ਸੱਸ ਤੇ ਉਸ ਦੀ ਘਰਵਾਲੀ ਉੱਪਰ ਮਾਮਲਾ ਦਰਜ ਕਰ ਦਿੱਤਾ ਗਿਆ ਹੈ, ਪ੍ਰੰਤੂ ਸਾਡੀ ਮੰਗ ਹੈ ਕਿ ਉਸ ਨੂੰ ਜਲਦ ਗ੍ਰਿਫਤਾਰ ਕੀਤਾ ਜਾਵੇ ਤੇ ਉਸ ਲੜਕੀ ਨੂੰ ਕੈਨੇਡਾ ਤੋਂ ਵਾਪਸ ਲਿਆਂਦਾ ਜਾਵੇ, ਜੇਕਰ ਪੁਲਸ ਨੇ ਅਜਿਹਾ ਨਾ ਕੀਤਾ ਤਾਂ ਆਉਣ ਵਾਲੇ ਦਿਨਾਂ ਵਿੱਚ ਸਾਡੇ ਵੱਲੋਂ ਤਿੱਖਾ ਸੰਘਰਸ਼ ਕੀਤਾ ਜਾਵੇਗਾ।

ਮ੍ਰਿਤਕ ਨੌਜਵਾਨ ਦੇ ਪਿਤਾ ਨੇ ਕਿਹਾ ਕਿ ਮੈਂ ਪੁਲਸ 'ਚੋਂ ਰਿਟਾਇਰ ਮੁਲਾਜ਼ਮ ਹਾਂ, ਮੇਰੀ ਪੁਲਸ ਪ੍ਰਸ਼ਾਸਨ ਤੋਂ ਮੰਗ ਹੈ ਕਿ ਮੈਂ ਇੰਨੇ ਸਾਲ ਸੇਵਾ ਕੀਤੀ ਹੈ ਤਾਂ ਮੈਨੂੰ ਵੀ ਇਨਸਾਫ ਦਿਵਾਇਆ ਜਾਵੇ। ਦੂਜੇ ਪਾਸੇ ਥਾਣਾ ਥਰਮਲ ਮੁਖੀ ਸੁਖਵਿੰਦਰ ਸਿੰਘ ਨੇ ਕਿਹਾ ਕਿ ਮ੍ਰਿਤਕ ਨੌਜਵਾਨ ਦੇ ਪਿਤਾ ਦੇ ਬਿਆਨਾਂ ਉੱਪਰ ਸਾਡੇ ਵੱਲੋਂ ਵੱਖ-ਵੱਖ ਧਾਰਾ ਤਹਿਤ ਮਾਮਲਾ ਦਰਜ ਕਰ ਦਿੱਤਾ ਗਿਆ ਹੈ।ਗ੍ਰਿਫਤਾਰੀ ਲਈ ਸਾਡੀਆਂ ਟੀਮਾਂ ਲੱਗੀਆਂ ਹੋਈਆਂ ਹਨ ।

ਕਾਤਰਾਂ

ਟਰਾਲਾ ਚੋਰੀ ਕਰਨ ਵਾਲੇ ਅਣਪਛਾਤੇ ਵਿਅਕਤੀ ਵਿਰੁੱਧ ਪਰਚਾ ਦਰਜ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ 12 ਟਾਇਰੀ ਟਰਾਲਾ ਚੋਰੀ ਹੋਣ ਦੇ ਸਬੰਧ ਵਿੱਚ ਅਣਪਛਾਤੇ ਵਿਅਕਤੀਆਂ ਵਿਰੁੱਧ ਪਰਚਾ ਦਰਜ ਕੀਤਾ ਗਿਆ। ਜਾਂਚ ਅਧਿਕਾਰੀ-ਕਮ-ਸਹਾਇਕ ਥਾਣੇਦਾਰ ਜਸਪਾਲ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਲਵਪ੍ਰੀਤ ਸਿੰਘ ਪੁੱਤਰ ਪੂਰਨ ਸਿੰਘ ਵਾਸੀ ਬੱਲੂਆਣਾ ਦੁਆਰਾ ਪੁਲਸ ਕੋਲ ਇਕ ਦਰਖਾਸਤ ਦਿੱਤੀ ਗਈ ਸੀ ਕਿ ਉਹ ਟਰੱਕ (ਟ੍ਰਾਲੇ) 'ਤੇ ਟਰਾਂਸਪੋਰਟ ਦਾ ਕੰਮ ਕਰਦਾ ਹੈ। ਉਸ ਕੋਲ ਇਕ ਟ੍ਰਾਲਾ 12 ਟਾਇਰੀ ਜਿਸ 'ਤੇ ਮੈਂ ਹੁਣ ਕਣਕ ਦੇ ਸੀਜ਼ਨ ਦੌਰਾਨ ਢੋਆ-ਢੁਆਈ ਦਾ ਕੰਮ ਕਰਦਾ ਹਾਂ। ਜਦੋਂ ਵੀ ਮੈਂ ਗੇੜਾ ਲਗਾ ਕੇ ਘਰ ਆਉਂਦਾ ਸੀ ਤਾਂ ਆਪਣੇ ਉਪਰੋਕਤ ਟ੍ਰਾਲੇ ਨੂੰ ਪੰਜਾਬ ਸਰਵਿਸ ਸਟੇਸ਼ਨ ਨੇੜੇ ਡਰੀਮਜ਼ ਵਿਲਾ ਪੈਲੇਸ ਦੇ ਕੋਲ ਰੋਕਦਾ ਸੀ। 25 ਮਈ ਦੀ ਸ਼ਾਮ ਨੂੰ ਜਦੋਂ ਗੇੜਾ ਲਗਾ ਕੇ ਘਰ ਆਇਆ ਸੀ ਤਾਂ ਆਪਣਾ ਟਰਾਲਾ ਪੰਜਾਬ ਸਰਵਿਸ ਸਟੇਸ਼ਨ 'ਤੇ ਰੋਕ ਦਿੱਤਾ ਸੀ। ਫਿਰ ਜਦੋਂ ਮੈਂ 26 ਮਈ ਨੂੰ ਉਕਤ ਸਰਵਿਸ ਸਟੇਸ਼ਨ 'ਤੇ ਗਿਆ ਤਾਂ ਟਰਾਲਾ ਗਾਇਬ ਸੀ, ਜਿਸ ਨੂੰ ਅਣਪਛਾਤੇ ਵਿਅਕਤੀ ਚੋਰੀ ਕਰਕੇ ਲੈ ਗਏ। ਜਿਸ ਸਬੰਧ ਵਿੱਚ ਥਾਣਾ ਸਿਟੀ ਜਲਾਲਾਬਾਦ ਵਿਖੇ ਮੁਕੱਦਮਾ ਨੰਬਰ 68 ਮਿਤੀ 01-06-2025 ਨੂੰ ਧਾਰਾ 331(4) ਅਤੇ 303(2) ਬੀ.ਐਨ.ਐਸ. ਤਹਿਤ ਦਰਜ ਕੀਤਾ ਗਿਆ ਹੈ। ਪੁਲਸ ਵੱਲੋਂ ਇਸ

3- June - Page - 6.qxd 6/2/2025 10:32 PM Page 1

ਰਾਜ ਕਿਰਨ ਨੇ ਡਾਕਘਰ ਮਹਿਤਪੁਰ ਵਿਖੇ ਸੰਭਾਲਿਆ ਚਾਰਜ

ਮਹਿਤਪੁਰ (ਰਾਜਾ)- ਜ਼ਿਲ੍ਹਾ ਜਲੰਧਰ ਦੇ ਵੱਖ ਵੱਖ ਡਾਕਘਰਾਂ ਵਿੱਚ ਆਪਣੀਆਂ ਵਧੀਆ ਸੇਵਾਵਾਂ ਦੇਣ ਵਾਲੇ ਸਬ ਪੋਸਟ ਮਾਸਟਰ ਰਾਜ ਕਿਰਨ ਨੇ ਮਹਿਤਪੁਰ ਦੇ ਡਾਕਘਰ ਵਿਖੇ ਆਪਣਾ ਚਾਰਜ ਸੰਭਾਲਿਆ, ਜਿਸ ਸਬੰਧੀ ਮਹਿਤਪੁਰ ਦੇ ਮੋਹਤਬਰ ਵਿਅਕਤੀਆਂ ਨੇ ਰਾਜ ਕਿਰਨ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਸਵਾਗਤ ਕੀਤਾ। ਇਸ ਮੌਕੇ ਸਬ ਪੋਸਟ ਮਾਸਟਰ ਰਾਜ ਕਿਰਨ ਨੇ ਕਿਹਾ ਕਿ ਮੈਂ ਅਤੇ ਮੇਰਾ ਸਟਾਫ ਮਹਿਤਪੁਰ ਦੇ ਇਲਾਕਾ ਨਿਵਾਸੀਆਂ ਲਈ ਦਫਤਰ ਦੇ ਸਮੇਂ ਅਨੁਸਾਰ ਹਾਜ਼ਰ ਰਹਾਂਗੇ। ਕਿਸੇ ਵੀ ਨਾਗਰਿਕ ਨੂੰ ਮਹਿਤਪੁਰ ਦੇ ਡਾਕਘਰ ਆ ਕੇ ਕਿਸੇ ਵੀ ਤਰ੍ਹਾਂ ਦੀ ਕੋਈ ਪ੍ਰੇਸ਼ਾਨੀ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਇਸ ਮੌਕੇ ਸਮਾਜ ਸੇਵੀ ਸੰਜੀਵ ਕੁਮਾਰ ਸੋਨੂੰ, ਨੰਬਰਦਾਰ ਕਸ਼ਮੀਰੀ ਲਾਲ, ਸਰਪੰਚ ਹਨੀ ਰਾਮੂਵਾਲ, ਜੌਨੀ ਮਹੇ, ਸੰਜੀਵ ਕੁਮਾਰ ਵਰਮਾ, ਬਲਜਿੰਦਰ ਕੁਮਾਰ ਹੱਲਣ, ਮੁਕੇਸ਼ ਕੁਮਾਰ ਮੈਂਬਰ ਸਹਿਕਾਰੀ ਸਭਾ ਅਤੇ ਦਫਤਰੀ ਸਟਾਫ ਵਿੱਚੋਂ ਪਰਮਿੰਦਰ ਕੁਮਾਰ, ਜਸਵਿੰਦਰ ਸਿੰਘ, ਰਾਜ ਕੁਮਾਰ, ਮਨੋਹਰ ਲਾਲ ਅਤੇ ਇੰਦਰਜੀਤ ਸਿੰਘ ਆਦਿ ਹਾਜ਼ਰ ਸਨ ।

ਪਬਲਿਕ ਨੋਟਿਸ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀਮਤੀ ਨੀਤੂ ਪਤਨੀ ਸ੍ਰੀ ਪਵਨ ਕੁਮਾਰ ਵਾਸੀ 566, ਆਦਰਸ਼ ਨਗਰ, ਗੁਰੂ ਨਾਨਕਪੁਰਾ ਇਸਲਾਮਾਬਾਦ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਇਕ ਲੋਨ ਫ਼ਸਿਲਿਟੀ ਲੈਣ ਜਾ ਰਹੇ ਹਨ ਅਤੇ ਆਪਣੀ ਇਕ ਜਾਇਦਾਦ ਪਲਾਟ ਜਿਸ ਦਾ ਕੁੱਲ ਰਕਬਾ 132 ਵਰਗ ਗਜ਼, ਖਸਰਾ ਨੰਬਰ : 5//13 ਮਿੰਨ, ਵਾਕਿਆ ਰਕਬਾ ਕੋਟ ਖਾਲਸਾ ਸਬ-ਅਰਬਨ, ਆਬਾਦੀ ਗੁਰੂ ਨਾਨਕਪੁਰਾ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਤਸਦੀਕਸ਼ੁਦਾ ਬੈਨਾਮਾ ਮਿਤੀ: 23.4.2012 ਦਸਤਾਵੇਜ਼ ਨੰਬਰ : 1035, ਬਹੀ ਨੰਬਰ: 1, ਜਿਲਦ ਨੰਬਰ : 4839, ਸਫ਼ਾ ਨੰਬਰ : 67 ਤਸਦੀਕਸ਼ੁਦਾ ਮਹਿਕਮਾ ਸਬ ਰਜਿਸਟਰਾਰ ਅੰਮ੍ਰਿਤਸਰ ਨੂੰ ਗਿਰਵੀ ਰੱਖਣਾ ਚਾਹੁੰਦੀ ਹਾਂ। ਇਹ ਕਿ ਜਾਇਦਾਦ ਦੀ ਮਾਲਕ ਸ੍ਰੀਮਤੀ ਨੀਤੂ ਪਤਨੀ ਸ੍ਰੀ ਪਵਨ ਕੁਮਾਰ ਨੇ ਦੱਸਿਆ ਕਿ ਉੱਕਤ ਜਾਇਦਾਦ ਦੀ ਫਾਈਲ ਜਿਸ ਵਿੱਚ ਉੱਕਤ ਪਲਾਟ ਦੀ ਪੁਰਾਣੀ ਰਜਿਸਟ੍ਰੀ ਜੋ ਕਿ ਬੈਨਾਮਾ ਮਿਤੀ : 29.6.1981 ਦਸਤਾਵੇਜ਼ ਨੰਬਰ : 8443, ਬਹੀ ਨੰਬਰ: 1, ਜਿਲਦ ਨੰਬਰ: 894, ਸਫ਼ਾ ਨੰਬਰ: 408 ਨਕਲ ਜਿਲਦ ਨੰਬਰ: 3256 ਸਫ਼ਾ ਨੰਬਰ: 45 ਤਸਦੀਕਸ਼ੁਦਾ ਮਹਿਕਮਾ ਸਬ ਰਜਿਸਟਰਾਰ ਅੰਮ੍ਰਿਤਸਰ ਉਸ ਤੋਂ ਗੁੰਮ ਹੋ ਗਈ ਹੈ । ਇਹ ਕਿ ਉਨ੍ਹਾਂ ਨੇ ਇਹ ਦੱਸਿਆ ਕਿ ਪੁਲਿਸ ਸਟੇਸ਼ਨ PSOC ਇਸਲਾਮਾਬਾਦ ਨੇ ਗਵਾਚੀ ਰਜਿਸਟਰੀ ਦੀ Lost Information ਰਿਪੋਰਟ bearing S.No. 598468/2025 Punjab Police dt.30.05.2025 ਨੂੰ ਦਰਜ ਕਰ ਲਈ ਹੈ । ਇਹ ਕਿ ਹੁਣ ਸ੍ਰੀਮਤੀ ਨੀਤੂ ਪਤਨੀ ਸ੍ਰੀ ਪਵਨ ਕੁਮਾਰ ਉਕਤ ਜਾਇਦਾਦ ਪਲਾਟ ਜਿਸ ਦਾ ਕੁੱਲ ਰਕਬਾ 132 ਵਰਗ ਗਜ਼, ਖਸਰਾ ਨੰਬਰ : 5//13 ਮਿੰਨ, ਵਾਕਿਆ ਰਕਬਾ ਕੋਟ ਖਾਲਸਾ ਸਬ-ਅਰਬਨ, ਆਬਾਦੀ ਗੁਰੂ ਨਾਨਕਪੁਰਾ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਨੂੰ ਸ੍ਰੀਮਤੀ ਕਿਰਨਦੀਪ ਕੌਰ ਪਤਨੀ ਕੁਲਵੰਤ ਸਿੰਘ ਅਤੇ ਸ੍ਰੀ ਕੁਲਵੰਤ ਸਿੰਘ ਪੁੱਤਰ ਸ੍ਰੀ ਗੁਰਬਖਸ਼ ਸਿੰਘ, ਵਾਸੀ ਨੌਸ਼ਹਿਰਾ ਪੰਨੂਆਂ, ਤਰਨ ਤਾਰਨ ਨੂੰ ਬੈਅ ਕਰਨ ਜਾ ਰਹੀ ਹੈ। ਇਹ ਕਿ ਹੁਣ ਸ੍ਰੀਮਤੀ ਕਿਰਨਦੀਪ ਕੌਰ ਪਤਨੀ ਕੁਲਵੰਤ ਸਿੰਘ ਅਤੇ ਸ੍ਰੀ ਕੁਲਵੰਤ ਸਿੰਘ ਪੁੱਤਰ ਸ੍ਰੀ ਗੁਰਬਖਸ਼ ਸਿੰਘ ਉਕਤ ਜਾਇਦਾਦ ਨੂੰ ਸ੍ਰੀਮਤੀ ਨੀਤੂ ਪਤਨੀ ਸ੍ਰੀ ਪਵਨ ਕੁਮਾਰ ਕੋਲੋਂ ਮਰੀਦ ਕੇ ਅਤੇ ਇਸ ਜਾਇਦਾਦ ਨੂੰ ਪੰਜਾਬ ਐਂਡ ਸਿੰਧ ਬੈਂਕ, ਗੁਰੂ ਰਾਮਦਾਸ ਹਸਪਤਾਲ, ਅੰਮ੍ਰਿਤਸਰ ਵਿਚ ਗਹਿਣੇ ਰੱਖ ਕੇ ਲੋਨ ਲੈਣ ਜਾ ਰਹੀ ਹੈ, ਜੇਕਰ ਕਿਸੇ ਵਿਅਕਤੀ ਨੂੰ ਇਸ ਦੱਸੀ ਗਈ ਜਾਇਦਾਦ ਦੇ ਖਿਲਾਫ਼ ਕੋਈ ਇਤਰਾਜ਼ ਹੋਵੇ ਤਾਂ ਉਹ Branch Manager ਪੰਜਾਬ ਐਂਡ ਸਿੰਧ ਬੈਂਕ, ਗੁਰੂ ਰਾਮਦਾਸ ਹਸਪਤਾਲ, ਅੰਮ੍ਰਿਤਸਰ ਨੂੰ ਪੰਦਰਾਂ ਦਿਨਾ ਦੇ ਵਿਚ-ਵਿਚ ਇਤਲਾਹ ਦੇ ਸਕਦੇ ਹਨ। ਨਹੀਂ ਤਾਂ ਇਸ ਤੋਂ ਬਾਅਦ ਬੈਂਕ ਪਾਰਟੀ ਨੂੰ ਲੋਨ ਜਾਰੀ ਕਰ ਦੇਵੇਗਾ ਅਤੇ ਇਹ ਸਮਝਿਆ ਜਾਵੇਗਾ ਕਿ ਉਕਤ ਪੁਰਾਣੇ ਬੈਨਾਮੇ ਗੁੰਮ ਹੋ ਗਏ ਹਨ ਅਤੇ ਇਹ ਕੀਤੇ ਵੀ Private Agency/Bank ਕੋਲ ਗਹਿਣੇ ਨਹੀਂ ਹਨ। ਦਿੱਤੇ ਹੋਏ ਸਮੇਂ ਤੋਂ ਬਾਅਦ ਕੋਈ objections ਨਹੀਂ ਮੰਨੇ ਜਾਣਗੇ।

ਪੰਜਾਬ ਐਂਡ ਸਿੰਧ ਬੈਂਕ, ਗੁਰੂ ਰਾਮਦਾਸ ਹਸਪਤਾਲ, ਅੰਮ੍ਰਿਤਸਰ

COURT NOTICE

ਬਾ ਅਦਾਲਤ ਨਾਇਬ ਤਹਿਸੀਲਦਾਰ ਕਰਤਾਰਪੁਰ ਕਮ ਸਹਾਇਕ ਕੁਲੈਕਟਰ ਦਰਜਾ ਅੱਵਲ ਕਰਤਾਰਪੁਰ

ਨੋਟਿਸ ਬਨਾਮ

ਸ੍ਰੀ 1. Dilbagh Singh S/o Nagina Singh Address-Village Kala Bahian Nussi Tehsil and District Jalandhar, ਭਤੀਜਾ ਰੋਧਾਵਾ/Bhatijarandhawa District Jalandhar, 2. Gurbaksh Singh S/o Nagina Singh AddressVillage Kala Bahian Nussi, Tehsil and District Jalandhar, ਭਤੀਜਾ ਰੋਧਾਵਾ/ Bhatijarandhawa District-jalandhar, 3. Manjit Singh S/o Gurdev Singh Address-Village Kala Bahian Nussi Tehsil And District Jalandhar, ਭਤੀਜਾ ਰੋਧਾਵਾ/Bhatijarandhawa District jalandhar, 4. Talraj Singh S/o Gurdev Singh Address-Village Kala Bahian Nussi Tehsil and District Jalandhar, ਭਤੀਜਾ ਰੋਧਾਵਾ/Bhatijarandhawa, District Jalandhar, 5. Gurpreet Singh S/o Avtar Singh Address Village Kala Bahian Nussi Tehsil and District Jalandhar,ਭਤੀਜਾ ਰੋਧਾਵਾ/Bhatijarandhawa, District Jalandhar.

ਮੀਮੋ ਨੰ: 878, ਮਿਤੀ : 29.05.2025

ਵਿਸ਼ਾ: Petition/1/2024 of 2024 – Tajinder Singh S/o Sohan Singh resident of Village Kala Bahian Nussi Tehsil and District Jalandhar Versus Dilbagh Singh S/o NAGINA SINGH.

(ਵੰਡ (ਪਾਰਟੀਸ਼ਨ))

ਉਕਤ ਮੁਕੱਦਮੇ ਵਿੱਚ ਅਦਾਲਤ ਨੂੰ ਇਹ ਯਕੀਨ ਹੋ ਚੁੱਕਾ ਹੈ ਕਿ ਦੂਜੀ ਧਿਰ ਦੀ ਮਾਮੂਲੀ ਤਰੀਕੇ ਨਾਲ ਸੰਮਨ 'ਤੇ ਤਾਮੀਲ ਹੋਣੀ ਮੁਸ਼ਕਿਲ ਹੈ। ਇਸ ਲਈ ਮਿਤੀ 08.07.25 ਨੂੰ ਦਪਹਿਰ 02-30 ਵਜੇ ਦੀ ਤਰੀਕ ਪੇਸ਼ੀ ਨੀਯਤ ਕਰਕੇ ਇਸ ਇਸ਼ਤਿਹਾਰ ਰਾਹੀਂ ਦੂਜੀ ਧਿਰ ਨੂੰ ਵਿਦਿਤ ਕੀਤਾ ਜਾਂਦਾ ਹੈ ਕਿ ਉਕਤ ਤਰੀਕ 'ਤੇ ਆਪ ਜਾਂ ਕਿਸੇ ਵਕੀਲ ਰਾਹੀਂ ਅਦਾਲਤ ਵਿੱਚ ਪੇਸ਼ ਹੋਵੋ, ਨਹੀਂ ਤਾਂ ਕਾਰਵਾਈ ਇਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ।

ਅੱਜ ਮਿਤੀ 29.5.25 ਨੂੰ ਮੇਰੇ ਦਸਤਖਤਾਂ ਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਸਹੀ/-ਨਾਇਬ ਤਹਿਸੀਲਦਾਰ ਕਮ ਸਹਾਇਕ ਕੁਲੈਕਟਰ ਦਰਜਾ ਅੱਵਲ, ਕਰਤਾਰਪੁਰ।

COURT NOTICE

ਬਾ ਅਦਾਲਤ ਨਾਇਬ ਤਹਿਸੀਲਦਾਰ ਕਰਤਾਰਪੁਰ ਕਮ ਸਹਾਇਕ ਕੁਲੈਕਟਰ ਦਰਜਾ ਅੱਵਲ ਕਰਤਾਰਪੁਰ

ਨੋਟਿਸ ਬਨਾਮ

ਸ੍ਰੀ 1. Mohinder Singh S/o Swaran Singh Address-Village Jande Sarai Sub Tehsil Kartarpur Tehsil and District Jalandhar, ਜੰਡੇ ਸਰਾਏ/Jandesrai District Jalandhar, 2. Malkit Singh S/o Swaran Singh Address-Village Jande Sarai Sub Tehsil Kartarpur Tehsil and District Jalandhar, ਜੰਡੇ ਸਰਾਏ/Jandesari District Jalandhar (94641-24264), 3. Karnail Singh S/o Swaran Singh Address-Village Jande Sarai Sub Tehsil Kartarpur Tehsil and District Jalandhar, ਜੰਡੇ ਸਰਾਏ/Jandesarai District Jalandhar (84278-05136), 4. Jasvir Singh S/o Avtar Singh Address-Village Jande Sarai Sub Tehsil Kartarpur Tehsil and District Jalandhar, ਜੰਡੇ ਸਰਾਏ/Jandesarai Distt. Jalandhar, 5. Satnam Singh S/o Avtar Singh Address-Village Jande Sarai Sub Tehsil Kartarpur Tehsil and District Jalandhar, ਜੰਡੇ ਸਰਾਏ/Jandesarai Distt. Jalandhar (98774-97128), 6. Manjit Kaur D/o Avtar Singh Address-Village Jande Sarai Sub Tehsil Kartarpur Tehsil and District Jalandhar, ਜੰਡੇ ਸਰਾਏ/Jandesarai District- Jalandhar, 7. Inderjit Kaur W/o Harpreet Singh Address-Village Jande Sarai Sub Tehsil Kartarpur Tehsil and District Jalandhar, ਜੰਡੇ ਸਰਾਏ/Jandesarai District Jalandhar, 8. Kuljit Kaur W/o Sarabjit Singh Address-Village Jande Sarai Sub Tehsil Kartarpur Tehsil And District Jalandhar, ਜੰਡੇ ਸਰਾਏ/Jandesarai District Jalandhar (94641-24275), 9. Barjinder Singh S/o Gian Singh Address-Village Jande Sarai Sub Tehsil Kartarpur, Tehsil And District Jalandhar, ਜੰਡੇ ਸਰਾਏ//Jandesarai District Jalandhar, 10. Tejpal Singh S/o Ranjit Singh Address-Village Jande Sarai Sub Tehsil Kartarpur, Tehsil And District Jalandhar, ਜੰਡੇ ਸਰਾਏ/Jandesarai District Jalandhar, 11. Amarjot Singh S/o Malkit Singh Address-Village Jande Sara Sub Tehsil Kartarpur, Tehsil and District Jalandhar, ਜੰਡੇ ਸਰਾਏ/Jandesarai District Jalandhar, 12. Baljit Kaur Wid/o Harbans Singh Address-Village Jande Sarai Sub Tehsil Kartarpur, Tehsil and District Jalandhar, ਜੰਡੇ ਸਰਾਏ/Jandesarai District Jalandhar (95018-40811), 13. Manpreet Kaur D/o Harbans Singh Address-Village Jande Sarai Sub Tehsil Kartarpur, Tehsil and District Jalandhar, ਜੰਡੇ ਸਰਾਏ/Jandesarai District Jalandhar, 14. Punjab Gramin Bank Address-Branch Alampur Bakka, ਜੰਡੇ ਸਰਾਏ/Jandesarai District-jalandhar, 15. Punjab and Sind Bank Address-Branch Bholath District Kapurthala, ਜੰਡੇ ਸਰਾਏ/Jandesarai District-Jalandhar.

ਮੀਮੋ ਨੰ: 876, ਮਿਤੀ : 29.05.2025

ਵਿਸ਼ਾ: Petition/3/2024 of 2024 – Paramjit Singh S/o Darshan Singh Resident of Village Jande Sarai, Sub Tehsil Kartarpur, Tehsil and District Jalandhar Versus Mohinder Singh S/o Swaran Singh.

(ਵੰਡ (ਪਾਰਟੀਸ਼ਨ))

ਉਕਤ ਮੁਕੱਦਮੇ ਵਿੱਚ ਅਦਾਲਤ ਨੂੰ ਇਹ ਯਕੀਨ ਹੋ ਚੁੱਕਾ ਹੈ ਕਿ ਦੂਜੀ ਧਿਰ ਦੀ ਮਾਮੂਲੀ ਤਰੀਕੇ ਨਾਲ ਸੰਮਨ 'ਤੇ ਤਾਮੀਲ ਹੋਣੀ ਮੁਸ਼ਕਿਲ ਹੈ। ਇਸ ਲਈ ਮਿਤੀ 08.07.25 ਨੂੰ ਦੁਪਹਿਰ 02-30 ਵਜੇ ਦੀ ਤਰੀਕ ਪੇਸ਼ੀ ਨੀਯਤ ਕਰਕੇ ਇਸ ਇਸ਼ਤਿਹਾਰ ਰਾਹੀਂ ਦੂਜੀ ਧਿਰ ਨੂੰ ਵਿਦਿਤ ਕੀਤਾ ਜਾਂਦਾ ਹੈ ਕਿ ਉਕਤ ਤਰੀਕ 'ਤੇ ਆਪ ਜਾਂ ਕਿਸੇ ਵਕੀਲ ਰਾਹੀਂ ਅਦਾਲਤ ਵਿੱਚ ਪੇਸ਼ ਹੋਵੋ, ਨਹੀਂ ਤਾਂ ਕਾਰਵਾਈ ਇਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ।

ਅੱਜ ਮਿਤੀ 29.5.25 ਨੂੰ ਮੇਰੇ ਦਸਤਖਤਾਂ ਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਸਹੀ/-ਨਾਇਬ ਤਹਿਸੀਲਦਾਰ ਕਮ ਸਹਾਇਕ ਕੁਲੈਕਟਰ ਦਰਜਾ ਅੱਵਲ, ਕਰਤਾਰਪੁਰ।

COURT NOTICE

ਬਾ ਅਦਾਲਤ ਨਾਇਬ ਤਹਿਸੀਲਦਾਰ ਕਰਤਾਰਪੁਰ ਕਮ ਸਹਾਇਕ ਕੁਲੈਕਟਰ ਦਰਜਾ ਅੱਵਲ ਕਰਤਾਰਪੁਰ

ਨੋਟਿਸ ਬਨਾਮ

ਸ੍ਰੀ 1. Sukhjit Singh S/O Santa Singh Address-Village Kala Bahian Nussi Tehsil and District Jalandhar, ਕਾਲਾ ਬਾਹੀਆਂ/Kalabahian District-Jalandhar, 2. Surinder Singh S/o Lachman Singh Address-Village Kala Bahian Nussi Tehsil and District Jalandhar, ਕਾਲਾ ਬਾਹੀਆਂ/Kalabahian District-jalandhar, 3. Sewa Singh S/o Lachman Singh Address-Village Kala Bahian Nussi Tehsil and Distt. Jalandhar, 4. Sewa Singh S/o Lachman Singh Address-village Kala Bahian Nussi Tehsil and District Jalandhar, 5. Kuldeep Singh S/o Lachman Singh Address-village Kala Bahian Nussi Tehsil And District Jalandhar, ਕਾਲਾ ਬਾਹੀਆ/Kalabahian District-Jalandhar, 6. Paramjit Singh S/O Lachman Singh Address-village Kala Bahian Nussi Tehsil And District Jalandhar, ਕਾਲਾ ਬਾਹੀਆਂ/Kalabahian District Jalandhar, 7. Charanjit Singh S/o Lachman Singh Address-village Kala Bahian Nussi Tehsil And District Jalandhar, ਕਾਲਾ ਬਾਹੀਆ/Kalabahian District-jalandhar, 8. Kuldeep Singh S/O Teja Singh Address-Village Kala Bahian Nussi Tehsil And District Jalandhar, ਕਾਲਾ ਬਾਹੀਆ/Kalabahian District-jalandhar 9. Jaswant Singh S/o Teja Singh Address-Village Kala Bahian Nussi Tehsil And District Jalandhar, ਕਾਲਾ ਬਾਹੀਆਂ/Kalabahian District-Jalandhar, 10. Palwinder Singh S/o Darshan Singh Address-Village Kala Bahian Nussi Tehsil and District Jalandhar, ਕਾਲਾ ਬਾਹੀਆਂ/Kalabahian District-Jalandhar, 11. Inderjit Singh S/o Darshan Singh Address-village Kala Bahian Nussi Tehsil And District Jalandhar, ਕਾਲਾ ਬਾਹੀਆ/Kalabahian District-Jalandhar, 12. Mewa Singh S/o Lachman Singh Address-Village Kala Bahian Nussi Tehsil And District Jalandhar, ਕਾਲਾ ਬਾਹੀਆਂ/Kalabahian District-Jalandhar, 13. Inderjit Kaur W/o Darshan Singh Address-Village Kala Bahian Nussi Tehsil And District Jalandhar, ਕਾਲਾ ਬਾਹੀਆ/Kalabahian District-Jalandhar, 14. Harwinder Kaur W/O Fuman Singh Address-Village Kala Bahian Nussi Tehsil and District Jalandhar, ਕਾਲਾ ਬਾਹੀਆਂ/Kalabahian District-Jalandhar, 15. Dera Sant Baba Onkar Nath Address-Village Kala Bahian Nussi Tehsil And District Jalandhar, ਕਾਲਾ ਬਾਹੀਆਂ/Kalabahian District-Jalandhar,16. Baljit Singh S/o Sadhu Singh Address-Village Kala Bahian Nussi Tehsil and District Jalandhar, ਕਾਲਾ ਬਾਹੀਆਂ/Kalabahian District-Jalandhar, 17. Ranjit Singh S/o Sadhu Singh Address-Village Kala Bahian Nussi Tehsil and District Jalandhar, ਕਾਲਾ ਬਾਹੀਆਂ/Kalabahian District Jalandhar,18. Baljinder Kaur W/o Kuldeep Singh Address-Village Kala Bahian Nussi Tehsil and District Jalandhar, ਕਾਲਾ ਬਾਹੀਆਂ/Kalabahian District Jalandhar, 19. Jaswinder Kaur W/o Sewa Singh Address-Village Kala Bahian Nussi Tehsil and District Jalandhar, ਕਾਲਾ ਬਾਹੀਆਂ/Kalabahian District Jalandhar, 20. Nachatar Kaur W/o Surinder Singh Address-Village Kala Bahian Nussi Tehsil and District Jalandhar, ਕਾਲਾ ਬਾਹੀਆਂ/Kalabahian District Jalandhar, 21. Baldeesh Kaur W/o Kaptan Singh Address-Village Kala Bahian Nussi Tehsil and District Jalandhar, ਕਾਲਾ ਬਾਹੀਆਂ/Kalabahian District Jalandhar, 22. Gurpreet Singh S/o Avtar Singh Address-Village Kala Bahian Nussi Tehsil and District Jalandhar, ਕਾਲਾ ਬਾਹੀਆਂ/Kalabahian District Jalandhar, 23. Punjab Gramin Bank Address-Branch Kishangarh, ਕਾਲਾ ਬਾਹੀਆਂ/Kalabahian District Jalandhar, 24. Amrik Singh S/O Rulda Singh Address-Village Kala Bahian Nussi Tehsil And District Jalandhar, ਕਾਲਾ ਬਾਹੀਆ/Kalabahian District-Jalandhar, 25. Surjan Singh S/O Rulda Singh Address-Village Kala Bahian Nussi Tehsil ਕਾਲਾ ਬਾਹੀਆਂ/Kalabahian District Jalandhar, 26. Baljinder Singh S/o Fuman Singh Address-Village Kala Bahian Nussi Tehsil And District Jalandhar, ਕਾਲਾ ਬਾਹੀਆਂ/Kalabahian District-Jalandhar, 27. Daljinder Singh S/o Fuman Singh Address-Village Kala Bahian Nussi Tehsil and District Jalandhar, ਕਾਲਾ ਬਾਹੀਆਂ/Kalabahian District-Jalandhar,28. Harpreet Kaur W/O Balbir Singh Address-Village Kala Bahian Nussi Tehsil And District Jalandhar, ਕਾਲਾ ਬਾਹੀਆ/Kalabahian District-Jalandhar, 29. Jaswant Singh S/o Nirmal Singh Address-Village Kala Bahian Nussi Tehsil and District Jalandhar, ਕਾਲਾ ਬਾਹੀਆਂ/Kalabahian District Jalandhar, 30. Parduman Singh S/o Lashkar Singh Address-Village Kala Bahian Nussi Tehsil and District Jalandhar, ਕਾਲਾ ਬਾਹੀਆਂ/Kalabahian District Jalandhar, 31. Kewal Singh S/o Joginder Singh Address-Village Kala Bahian Nussi Tehsil and District Jalandhar, ਕਾਲਾ ਬਾਹੀਆਂ-/Kalabahian District Jalandhar, 32. Pakhar Singh S/o Joginder Singh Address-Village Kala Bahian Nussi Tehsil and District Jalandhar, ਕਾਲਾ ਬਾਹੀਆਂ/Kalabahian District Jalandhar, 33. Jagdish Kaur D/o Joginder Singh Address-Village Kala Bahian Nussi Tehsil and District Jalandhar, ਕਾਲਾ ਬਾਹੀਆਂ/Kalabahian District Jalandhar, 34. Bakhshish Kaur D/o Joginder Singh Address-Village Kala Bahian Nussi Tehsil and District Jalandhar,ਕਾਲਾ ਬਾਹੀਆਂ/Kalabahian District Jalandhar, 35. Gurdev Kaur D/o Joginder Singh Address-Village Kala Bahian Nussi Tehsil and District Jalandhar, ਕਾਲਾ ਬਾਹੀਆਂ/Kalabahian District Jalandhar,

ਮੀਮੋ ਨੰ: 877, ਮਿਤੀ : 29.05.2025

ਵਿਸ਼ਾ: Petition/2/2024 of 2024 – Tajinder Singh S/o Sohan Singh resident of Village Kala Bahian Nussi Tehsil and District Jalandhar Versus Sukhjit Singh S/o Santa Singh

(ਵੰਡ (ਪਾਰਟੀਸ਼ਨ))

ਉਕਤ ਮੁਕੱਦਮੇ ਵਿੱਚ ਅਦਾਲਤ ਨੂੰ ਇਹ ਯਕੀਨ ਹੋ ਚੁੱਕਾ ਹੈ ਕਿ ਦੂਜੀ ਧਿਰ ਦੀ ਮਾਮੂਲੀ ਤਰੀਕੇ ਨਾਲ ਸੰਮਨ 'ਤੇ ਤਾਮੀਲ ਹੋਣੀ ਮੁਸ਼ਕਿਲ ਹੈ। ਇਸ ਲਈ ਮਿਤੀ 08.07.25 ਨੂੰ ਦੁਪਹਿਰ 02-30 ਵਜੇ ਦੀ ਤਰੀਕ ਪੇਸ਼ੀ ਨੀਯਤ ਕਰਕੇ ਇਸ ਇਸ਼ਤਿਹਾਰ ਰਾਹੀਂ ਦੂਜੀ ਧਿਰ ਨੂੰ ਵਿਦਿਤ ਕੀਤਾ ਜਾਂਦਾ ਹੈ ਕਿ ਉਕਤ ਤਰੀਕ 'ਤੇ ਆਪ ਜਾਂ ਕਿਸੇ ਵਕੀਲ ਰਾਹੀਂ ਅਦਾਲਤ ਵਿੱਚ ਪੇਸ਼ ਹੋਵੋ, ਨਹੀਂ ਤਾਂ ਕਾਰਵਾਈ ਇਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ।

ਅੱਜ ਮਿਤੀ 29.5.25 ਨੂੰ ਮੇਰੇ ਦਸਤਖਤਾਂ ਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਸਹੀ/-ਨਾਇਬ ਤਹਿਸੀਲਦਾਰ ਕਮ ਸਹਾਇਕ ਕੁਲੈਕਟਰ ਦਰਜਾ ਅੱਵਲ, ਕਰਤਾਰਪੁਰ।

COURT NOTICE

(U/o 5 Rule 20 CPC)
In the Court of
Sh. Varinder Kumar
Additional Civil Judge Senior Division, Nabha
CNR No. PBPTB0-000413-2025
Next Date :- 02-08-2025
Soma Devi alias Soma Rani
Vs.
General Public
The Plaintiff prays for declaration that
Publication Issued To :
General Public
: General Public
In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 02.08.2025 at 10:00 a.m.
For details logon to https://highcourtchd.gov.in/?mod=district_notice&district=Patiala
Additional Civil Judge (Senior Division), Nabha
Dated this day of 28-05-2025

ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਸ੍ਰੀ ਜਸਵਿੰਦਰ ਸਿੰਘ ਨਾਇਬ ਤਹਿਸੀਲਦਾਰ ਕਮ ਸਹਾਇਕ ਕੁਲੈਕਟਰ ਦਰਜਾ ਅੱਵਲ ਨੂਰਮਹਿਲ

ਕੇਸ ਨੰਬਰ OC/18/2024/ਮਿਤੀ 02.12.2024

ਵਾਕਿਆ ਪਿੰਡ ਗੁਮਟਾਲਾ ਤਹਿਸੀਲ ਫਿਲੌਰ।

ਸੰਤੋਖ ਸਿੰਘ ਪੁੱਤਰ ਜੀਤ ਸਿੰਘ ਪੁੱਤਰ ਬੱਗਾ ਸਿੰਘ ਵਾਸੀ ਪਿੰਡ ਗੁਮਟਾਲਾ, ਤਹਿਸੀਲ ਫਿਲੌਰ ਜ਼ਿਲ੍ਹਾ ਜਲੰਧਰ।

ਫਰੀਕ ਅੱਵਲ.....

ਬਨਾਮ

1. ਗੁਰਦਿਆਲ ਸਿੰਘ ਪੁੱਤਰ ਪਾਖਰ ਸਿੰਘ ਪੁੱਤਰ ਬੱਗਾ ਸਿੰਘ 2. ਬੀਰ ਸਿੰਘ ਪੁੱਤਰ ਜੀਤ ਸਿੰਘ ਪੁੱਤਰ ਬੱਗਾ ਸਿੰਘ, 3. ਸਤਨਾਮ ਸਿੰਘ ਪੁੱਤਰ ਜੀਤ ਸਿੰਘ ਪੁੱਤਰ ਬੱਗਾ ਸਿੰਘ, 4. ਜੋਗਿੰਦਰ ਕੌਰ ਵਿਧਵਾ ਜੀਤ ਸਿੰਘ ਪੁੱਤਰ ਬੱਗਾ ਸਿੰਘ, 5. ਹਰਜਿੰਦਰ ਕੌਰ ਪੁੱਤਰੀ ਸੋਹਨ ਸਿੰਘ ਪੁੱਤਰ ਜੀਤ ਸਿੰਘ ਸਾਰੇ ਵਾਸੀਆਨ ਪਿੰਡ ਗੁਮਟਾਲਾ ਤਹਿਸੀਲ ਫਿਲੌਰ।

ਰਿਸਪੋਡੈਂਟਸ

ਦਰਖਾਸਤ ਬਾਬਤ ਤਕਸੀਮ ਖੇਵਟ ਨੰਬਰ 40, 41

ਵਾਕਿਆ ਪਿੰਡ ਗੁਮਟਾਲਾ ਤਹਿਸੀਲ ਫਿਲੌਰ।

ਜੋ ਕਿ ਉਕਤ ਤਕਸੀਮ ਦੇ ਕੇਸ ਵਿਚ ਇਸ ਅਦਾਲਤ ਨੂੰ ਪੂਰੀ ਤਸੱਲੀ ਹੋ ਚੁੱਕੀ ਹੈ

3-JUNE-PAGE-7.qxd 6/2/2025 9:06 PM Page 1

ਦਰਜ਼ੀ ਦੇ ਪੁੱਤ ਨੇ ਲੈਫਟੀਨੈਂਟ ਬਣ ਕੇ ਪਟਿਆਲਾ ਜ਼ਿਲ੍ਹੇ ਦਾ ਵਧਾਇਆ ਮਾਣ

ਨਾਭਾ (ਵਰਿੰਦਰ ਵਰਮਾ)-ਹਲਕਾ ਨਾਭਾ ਦੇ ਪਿੰਡ ਵਜੀਦਪੁਰ ਤੋਂ 24 ਸਾਲਾ ਨੌਜਵਾਨ ਦੀ ਭਾਰਤੀ ਫੌਜ ਵਿੱਚ ਲੈਫਟੀਨੈਂਟ ਵਜੋਂ ਚੋਣ ਹੋਣ ਉਪਰੰਤ ਆਪਣੇ ਪਿੰਡ ਪਹੁੰਚਣ 'ਤੇ ਪਿੰਡ ਵਾਸੀਆਂ ਤੇ ਪਰਿਵਾਰ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ।ਇਸ ਮੌਕੇ ਇੰਦਰਜੀਤ ਸਿੰਘ ਦੇ ਪਿਤਾ ਗੁਰਜੰਟ ਸਿੰਘ ਤੇ ਮਾਤਾ ਨਿਰਮਲ ਕੌਰ ਨੇ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ।ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਬੇਟੇ ਦੀ ਇਸ ਨਿਯੁਕਤੀ ਲਈ ਉਹ ਬਹੁਤ ਖੁਸ਼ ਹਨ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇੰਦਰਜੀਤ ਸਿੰਘ ਦੇ ਭਰਾ ਜਸਵੀਰ ਸਿੰਘ ਛਿੰਦਾ ਤੇ ਇੰਜ. ਹਰਜਿੰਦਰ ਸਿੰਘ ਨੇ ਦੱਸਿਆ ਕਿ ਇੰਦਰਜੀਤ ਸਿੰਘ ਨੇ ਦਸਵੀਂ ਤੱਕ ਦੀ ਪੜ੍ਹਾਈ ਸਰਕਾਰੀ ਹਾਈ ਸਕੂਲ ਰਾਜਗੜ੍ਹ ਤੋਂ ਪ੍ਰਾਪਤ ਕੀਤੀ।ਉਸ ਤੋਂ ਬਾਅਦ 12ਵੀਂ ਦੀ ਪੜ੍ਹਾਈ ਮੈਰੀਟੋਰੀਅਸ ਸਕੂਲ ਪਟਿਆਲਾ ਤੋਂ ਪ੍ਰਾਪਤ ਕੀਤੀ।ਉਨ੍ਹਾਂ ਕਿਹਾ ਕਿ ਇਸ ਤੋਂ ਬਾਅਦ ਉਹ 2019 ਵਿੱਚ ਭਾਰਤੀ ਫੌਜ 'ਚ ਬਤੌਰ ਕਲੈਰੀਕਲ ਵਜੋਂ ਨਿਯੁਕਤ ਹੋਏ, ਉਸ ਤੋਂ ਬਾਅਦ ਜੁਲਾਈ 2024 ਵਿੱਚ ਏਸੀਸੀ ਦੀ ਪ੍ਰੀਖਿਆ ਦਿੱਤੀ ਤੇ ਅਪ੍ਰੈਲ 2025 ਵਿੱਚ ਐੱਸ ਐੱਸ ਬੀ ਦੀ ਇੰਟਰਵਿਊ ਦਿੱਤੀ, ਉਸ ਤੋਂ ਬਾਅਦ ਉਹ ਭਾਰਤੀ ਫੌਜ ਵਿੱਚ ਬਤੌਰ ਲੈਫਟੀਨੈਂਟ ਨਿਯੁਕਤ ਹੋਇਆ।ਇਸ ਮੌਕੇ ਇੰਦਰਜੀਤ ਸਿੰਘ ਨੇ ਦੱਸਿਆ ਕਿ ਹੁਣ ਉਸ ਦੀ ਤਿੰਨ ਸਾਲ ਦੀ ਟ੍ਰੇਨਿੰਗ ਆਈ ਐੱਮ ਏ ਦੇਹਰਾਦੂਨ ਵਿਖੇ ਹੋਵੇਗੀ।ਉਸ ਨੇ ਮਾਣ ਸਨਮਾਨ ਦੇਣ ਲਈ ਪਿੰਡ ਵਾਸੀਆਂ ਤੇ ਪਰਿਵਾਰਕ ਮੈਂਬਰਾਂ ਦਾ ਧੰਨਵਾਦ ਕੀਤਾ।ਇਸ ਮੌਕੇ ਇੰਦਰਜੀਤ ਸਿੰਘ ਦੇ ਦਾਦਾ ਲਾਲ ਸਿੰਘ, ਦਾਦੀ ਅਮਰ ਕੌਰ, ਤਾਇਆ ਜੈਰਾਮ ਸਿੰਘ, ਨਿਰਮਲ ਸਿੰਘ, ਜਰਨੈਲ ਸਿੰਘ, ਨਾਨੀ ਨਛੱਤਰ ਕੌਰ, ਮੇਜਰ ਸਿੰਘ ਬੀਪੀਈਓ ਬਲਾਕ ਬਾਬਰਪੁਰ, ਕ੍ਰਿਸ਼ਨ ਰਾਣੀ ਡਾਇਰੈਕਟਰ ਅਲਮਾ ਕਿਡਜ਼ ਸਕੂਲ ਨਾਭਾ, ਜਸਪਾਲ ਸਿੰਘ ਵਜੀਦਪੁਰ, ਕੁਲਦੀਪ ਸਿੰਘ ਮਾਮਾ, ਮਨਪ੍ਰੀਤ ਸਿੰਘ, ਲਖਵੀਰ ਸਿੰਘ, ਸੁਖਜੀਵਨ ਸਿੰਘ, ਸੁਖਪਾਲ ਸਿੰਘ, ਮਨਿੰਦਰਜੀਤ ਸਿੰਘ, ਗੁਰਜਿੰਦਰ ਸਿੰਘ, ਹਰਮਿੰਦਰ ਸਿੰਘ ਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਮੌਜੂਦ ਸਨ।

ਮਾਤਾ ਸੁੰਦਰੀ ਗਰੁੱਪ ਆਫ ਇੰਸਟੀਚਿਊਸ਼ਨਜ਼ ਢੱਡੇ ਦੇ ਐਜੂਕੇਸ਼ਨ ਕਾਲਜ ਦਾ ਨਤੀਜਾ ਸ਼ਾਨਦਾਰ

ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਮਾਤਾ ਸੁੰਦਰੀ ਗਰੁੱਪ ਆਫ ਇੰਸਟੀਚਿਊਸ਼ਨਜ਼ ਢੱਡੇ ਦੇ ਐਜੂਕੇਸ਼ਨ ਕਾਲਜ ਦਾ ਨਤੀਜਾ ਬਹੁਤ ਸ਼ਾਨਦਾਰ ਰਿਹਾ।ਚੇਅਰਮੈਨ ਕੁਲਵੰਤ ਸਿੰਘ ਸਿੱਧੂ ਅਤੇ ਮੈਨੇਜਿੰਗ ਡਾਇਰੈਕਟਰ ਗੁਰਵਿੰਦਰ ਸਿੰਘ ਨੇ ਸਾਰੇ ਸਟਾਫ਼ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਨਾਲ ਹੀ ਸ਼ਾਨਦਾਰ ਪੁਜੀਸ਼ਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਮੁਬਾਰਕਬਾਦ ਦਿੰਦੇ ਹੋਏ ਕਿਹਾ ਕਿ ਇਹ ਸੰਸਥਾ ਹਮੇਸ਼ਾ ਤੋਂ ਧੀਆਂ ਦੇ ਉਜਵਲ ਭਵਿੱਖ ਲਈ ਵਚਨਬੱਧ ਰਹੇਗੀ। ਉਨ੍ਹਾਂ ਕਿਹਾ ਕਿ ਮਾਤਾ ਸੁੰਦਰੀ ਕਾਲਜ ਆਫ ਐਜੂਕੇਸ਼ਨ ਹਰ ਸਾਲ ਹੀ ਇਹੋ ਜਿਹੇ ਸ਼ਾਨਦਾਰ ਨਤੀਜੇ ਸੰਸਥਾ ਦੀ ਝੋਲੀ ਪਾਉਂਦਾ ਆ ਰਿਹਾ ਹੈ।ਇਸ ਦਾ ਸਾਰਾ ਸਿਹਰਾ ਐਜੂਕੇਸ਼ਨ ਕਾਲਜ ਦੇ ਸਮੂਹ ਸਟਾਫ ਦੇ ਸਿਰ ਜਾਂਦਾ ਹੈ। ਡਾਇਰੈਕਟਰ ਐਡਮਿਨਿਸਟਰੇਸ਼ਨ ਪਰਮਿੰਦਰ ਸਿੰਘ ਸਿੱਧੂ ਅਨੁਸਾਰ ਜਿੱਥੇ ਸੰਸਥਾ ਸਹਿ ਵਿਦਿਅਕ ਗਤੀਵਿਧੀਆਂ ਨੂੰ ਤਰਜੀਹ ਦਿੰਦੀ ਹੈ, ਉੱਥੇ ਹੀ ਇਸ ਸ਼ਾਨਦਾਰ ਨਤੀਜੇ ਨੇ ਇਸ ਗੱਲ ਉੱਪਰ ਮੋਹਰ ਲਗਾ ਦਿੱਤੀ ਹੈ ਕਿ ਅਕਾਦਮਿਕ ਪੱਖੋਂ ਵੀ ਇਹ ਸੰਸਥਾ ਬੁਲੰਦੀਆਂ ਛੋਹ ਰਹੀ ਹੈ।ਪ੍ਰਿੰਸੀਪਲ ਰਾਜ ਸਿੰਘ ਬਾਘਾ ਨੇ ਕਿਹਾ ਕਿ ਸੰਸਥਾ ਦਾ ਨਤੀਜਾ ਸੌ ਫ਼ੀਸਦੀ ਰਿਹਾ ਹੈ।ਐਜੂਕੇਸ਼ਨ ਵਿਭਾਗ ਦੇ ਮੁਖੀ ਪ੍ਰੋ ਮਨਪ੍ਰੀਤ ਕੌਰ ਨੇ ਦੱਸਿਆ ਕਿ ਪਹਿਲੀਆਂ ਪੁਜ਼ੀਸ਼ਨਾਂ ਕਿਰਨਾ ਖਾਂ, ਕਿਰਨਜੀਤ ਕੌਰ, ਸੁਖਪ੍ਰੀਤ ਕੌਰ, ਮੋਨਿਕਾ ਆਹੂਜਾ, ਰੁਪਿੰਦਰ ਕੌਰ , ਦੂਜੀਆਂ ਪੁਜ਼ੀਸਨਾਂ ਕੋਮਲ ਗਰਗ, ਦਲਜੀਤ ਕੌਰ, ਤੀਜੀਆਂ ਪੁਜ਼ੀਸ਼ਨਾਂ ਮਨਦੀਪ ਕੌਰ, ਅਰਸ਼ਦੀਪ ਕੌਰ ਅਤੇ ਹਰਦੀਪ ਕੌਰ ਨੇ ਸਾਂਝੇ ਤੌਰ 'ਤੇ ਪ੍ਰਾਪਤ ਕੀਤੀਆਂ।ਇਸ ਮੌਕੇ ਐਜੂਕੇਸ਼ਨ ਵਿਭਾਗ ਦੇ ਮਖੀ ਨੇ ਦੱਸਿਆ ਕਿ 10 ਵਿਦਿਆਰਥਣਾਂ ਨੇ 95% ਤੋਂ ਉੱਪਰ, 25 ਵਿਦਿਆਰਥਣਾਂ ਨੇ 90% ਉੱਪਰ ਅਤੇ 05 ਵਿਦਿਆਰਥਣਾਂ ਨੇ 80% ਤੋਂ 90% ਵਿਚਕਾਰ ਅੰਕ ਪ੍ਰਾਪਤ ਕਰਕੇ ਸੰਸਥਾ ਦਾ ਨਾਂਅ ਰੌਸ਼ਨ ਕੀਤਾ।ਡਾਇਰੈਕਟਰ ਸਿੰਬਲਜੀਤ ਕੌਰ ਅਤੇ ਖਜ਼ਾਨਚੀ ਮੈਡਮ ਪ੍ਰਸ਼ੋਤਮ ਕੌਰ ਨੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਤੇ ਅਧਿਆਪਕਾਂ ਨੂੰ ਇਸ ਸ਼ਾਨਦਾਰ ਕਾਰਗੁਜ਼ਾਰੀ ਤੇ ਮੁਬਾਰਕਬਾਦ ਦਿੱਤੀ।

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੱਕ ਸੈਦੋਕੇ 'ਚ ਸਮਰ ਕੈਂਪ ਸਮਾਪਤ

ਜਲਾਲਾਬਾਦ (ਜੀਤ ਕੁਮਾਰ)-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੱਕ ਸੈਦੋਕੇ ਵਿਖੇ 7 ਰੋਜ਼ਾ ਸਮਰ ਕੈਂਪ ਦਾ ਆਯੋਜਨ ਕੀਤਾ ਗਿਆ, ਜੋ ਅੱਜ ਸਮਾਪਤ ਹੋ ਗਿਆ ਹੈ। ਸਮਰ ਕੈਂਪ ਦੇ ਦੌਰਾਨ ਵੱਖ-ਵੱਖ ਤਰ੍ਹਾਂ ਦੀਆਂ ਐਕਟੀਵਿਟੀਜ਼ ਕਰਵਾਈਆਂ ਗਈਆਂ। ਜਿਸ ਵਿੱਚ ਵਿਦਿਆਰਥੀਆਂ ਨੂੰ ਤੇਲਗੂ ਭਾਸ਼ਾ ਸਿੱਖਣ 'ਤੇ ਜ਼ੋਰ ਦਿੱਤਾ ਗਿਆ। ਇਸ ਸਮਰ ਕੈਂਪ ਦੇ ਸਮਾਪਤੀ ਮੌਕੇ ਪ੍ਰੋਗਰਾਮ ਵਿੱਚ ਹਿੰਦੀ, ਪੰਜਾਬੀ, ਅੰਗਰੇਜ਼ੀ ਟੀਚਰ ਹਾਜ਼ਰ ਹੋਏ। ਪ੍ਰਿੰਸੀਪਲ ਅਨੀਤਾ ਕਾਲੜਾ ਵੱਲੋਂ ਸਮਰ ਕੈਂਪ ਦਾ ਸਮਾਪਨ ਕੀਤਾ ਗਿਆ ਅਤੇ ਸਾਰੇ ਬੱਚਿਆਂ ਨੂੰ ਪ੍ਰੋਤਸਾਹਿਤ ਕੀਤਾ ਗਿਆ। ਪ੍ਰਿੰਸੀਪਲ ਨੇ ਬੱਚਿਆਂ ਨੂੰ ਪੰਜਾਬੀ, ਹਿੰਦੀ, ਅੰਗਰੇਜ਼ੀ ਭਾਸ਼ਾ ਦੇ ਨਾਲ ਤੇਲਗੂ ਭਾਸ਼ਾ ਸਿੱਖਣ ਨੂੰ ਵੀ ਕਿਹਾ। ਇਹ ਸਮਰ ਕੈਂਪ ਇਕ ਅਲੱਗ ਛਾਪ ਛੱਡਦਾ ਹੋਇਆ ਸਮਾਪਤ ਹੋ ਗਿਆ।

ਗੁਰੂ ਸਾਹਿਬ ਦੇ ਸ਼ਹੀਦੀ ਦਿਹਾੜੇ ਮੌਕੇ ਛਬੀਲ ਲਾਈ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਗੁਰਦੁਆਰਾ ਬਾਬਾ ਨਰੈਣ ਦਾਸ ਵਿਖੇ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਦੇ ਸੰਬੰਧ ਵਿੱਚ ਸਮੂਹ ਸਾਧ ਸੰਗਤਾਂ ਵੱਲੋਂ ਠੰਡੇ ਪਾਣੀ ਦੀਆਂ ਛਬੀਲਾਂ ਲਾਈਆਂ ਗਈਆਂ।ਗੁਰੂਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਪਵਿੱਤਰ ਸਿੰਘ ਸਾਹੋਕੇ ਵਾਲਿਆਂ ਦੀ ਰਹਿਨੁਮਾਈ ਹੇਠ ਲਾਈਆਂ ਗਈਆਂ ਤੇ ਸਮੂਹ ਸਾਧ ਸੰਗਤ ਨੇ ਖੂਬ ਸੇਵਾ ਕੀਤੀ ਤੇ ਸਤਿਨਾਮ ਵਾਹਿਗੁਰੂ ਜੀ ਦਾ ਜਾਪ ਕੀਤਾ।ਇਸ ਮੌਕੇ ਸਬ-ਤਹਿਸੀਲ ਦੇ ਨਜ਼ਦੀਕ ਆਟੋ ਏਜੰਸੀ ਦੇ ਸਮੂਹ ਮਾਲਕਾਂ ਤੇ ਲੋਕਾਂ ਦੇ ਸਹਿਯੋਗ ਨਾਲ ਠੰਡੇ ਪਾਣੀ ਦੀ ਛਬੀਲ ਲਾਈ ਗਈ ਤੇ ਸੰਗਤਾਂ ਨੂੰ ਜਲ ਛਕਾਇਆ ਗਿਆ।

ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਗੁਰਮਤਿ ਸਮਾਗਮ

ਨਾਭਾ (ਵਰਿੰਦਰ ਵਰਮਾ)-ਗੁਰਦੁਆਰਾ ਸ੍ਰੀ ਟਿੱਬੀ ਸਾਹਿਬ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ 419ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਤ ਮਹਾਨ ਗੁਰਮਤਿ ਸਮਾਗਮ ਦੌਰਾਨ 41 ਦਿਨ ਸ੍ਰੀ ਸੁਖਮਨੀ ਸਾਹਿਬ ਦੇ ਬੀਬੀਆਂ ਵੱਲੋਂ ਜਾਪ ਕੀਤੇ ਅਤੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।ਹਜੂਰੀ ਰਾਗੀ ਜਥੇ ਭਾਈ ਅਵਤਾਰ ਸਿੰਘ ਨੇ ਕੀਰਤਨ ਦੁਆਰਾ ਨਿਹਾਲ ਕੀਤਾ। ਉਪਰੰਤ ਪ੍ਰਸਿੱਧ ਕਥਾਵਾਚਕ ਗਿਆਨੀ ਰਾਜਿੰਦਰਪਾਲ ਸਿੰਘ ਨੇ ਗੁਰੂ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਸਬੰਧੀ ਵਿਸਥਾਰ ਸਹਿਤ ਚਾਨਣਾ ਪਾਉਂਦਿਆਂ ਕਿਹਾ ਕਿ ਗੁਰੂ ਜੀ ਦੀ ਸ਼ਹੀਦੀ ਦਾ ਪ੍ਰਮੁੱਖ ਕਾਰਨ ਦੂਰ-ਦੁਰਾਡੇ ਇਲਾਕਿਆਂ ਤੱਕ ਸਿੱਖੀ ਦਾ ਪ੍ਰਚਾਰ ਅਤੇ ਪ੍ਰਸਾਰ ਹੋਣਾ ਮੰਨਿਆ ਜਾਂਦਾ ਹੈ, ਜਿਸ ਦਾ ਤੁਅੱਸਬੀ ਨੀਤੀ 'ਤੇ ਚੱਲਣ ਵਾਲੇ ਵਿਰੋਧ ਕਰ ਰਹੇ ਸਨ, ਪ੍ਰੰਤੂ ਗੁਰੂ ਜੀ ਨੇ ਸਬਰ ਅਤੇ ਸ਼ਾਂਤੀ ਨੂੰ ਜੀਵਨ ਵਿਚ ਧਾਰਨ ਕਰਨ ਦੀ ਵਿਲੱਖਣ ਮਿਸਾਲ ਕਾਇਮ ਕੀਤੀ।ਬਾਦਸ਼ਾਹ ਜਹਾਂਗੀਰ ਨੂੰ ਇਹ ਭੁਲੇਖਾ ਸੀ ਕਿ ਗੁਰੂ ਜੀ ਨੂੰ ਸ਼ਹੀਦ ਕਰਕੇ ਸਿੱਖ ਧਰਮ ਨੂੰ ਖ਼ਤਮ ਕੀਤਾ ਜਾ ਸਕਦਾ ਹੈ, ਪਰ ਇਹ ਅਨੁਮਾਨ ਉਸ ਸਮੇਂ ਗਲਤ ਸਾਬਤ ਹੋਇਆ, ਜਦੋਂ ਗੁਰੂ ਜੀ ਦੇ ਸਪੁੱਤਰ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰਕੇ ਜਬਰ ਤੇ ਜ਼ੁਲਮ ਦਾ ਭਗਤੀ ਤੇ ਸ਼ਕਤੀ ਨਾਲ ਮੁਕਾਬਲਾ ਕੀਤਾ।

ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਖੂਨਦਾਨ ਕੈਂਪ

ਦੇਵੀਗੜ੍ਹ (ਰਾਜਿੰਦਰ ਸਿੰਘ ਥਿੰਦ)-ਜਾਗਦੇ ਰਹੋ ਯੂਥ ਕਲੱਬ ਪਿੰਡ ਬਿਸ਼ਨਗੜ੍ਹ ਸੰਬੰਧਤ ਨਹਿਰੂ ਯੁਵਾ ਕੇਂਦਰ ਪਟਿਆਲਾ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਖੰਨਾ ਹਸਪਤਾਲ ਦੇਵੀਗੜ੍ਹ ਵਿਖੇ ਖ਼ੂਨਦਾਨ ਕੈਂਪ ਲਾਇਆ।ਖ਼ੂਨਦਾਨ ਕੈਂਪ ਦਾ ਰਸਮੀ ਉਦਘਾਟਨ ਰਾਜ ਰਾਣੀ ਦੁੰਦੀਮਾਜਰਾ ਨੇ ਖ਼ੂਨਦਾਨ ਕਰਕੇ ਕੀਤਾ।ਖ਼ੂਨਦਾਨ ਕੈਂਪ ਵਿੱਚ ਜਸਮੇਰ ਸਿੰਘ, ਸਤਨਾਮ ਸਿੰਘ, ਮਨਜਿੰਦਰ ਸਿੰਘ, ਕੁਲਵੰਤ ਸਿੰਘ, ਜਸਵਿੰਦਰ ਸਿੰਘ, ਮਿੱਠੂ ਰਾਮ ਤੇ ਜੀਤ ਰਾਮ ਸਮੇਤ 15 ਖ਼ੂਨਦਾਨੀਆਂ ਨੇ ਖ਼ੂਨਦਾਨ ਕੀਤਾ। ਡਾ. ਯਸ਼ਪਾਲ ਖੰਨਾ ਨੇ ਕਿਹਾ ਕਿ ਹਰ ਇੱਕ ਤੰਦਰੁਸਤ ਇਨਸਾਨ ਨੂੰ ਖ਼ੂਨਦਾਨ ਕਰਨਾ ਚਾਹੀਦਾ ਹੈ।ਖ਼ੂਨਦਾਨ ਮਹਾਂਦਾਨ ਹੈ, ਕੋਈ ਵੀ ਖ਼ੂਨਦਾਨੀ ਹਰ ਤਿੰਨ ਮਹੀਨੇ ਬਾਅਦ ਖ਼ੂਨਦਾਨ ਕਰ ਸਕਦਾ ਹੈ।ਗ਼ਰਮੀ ਦੇ ਕਾਰਨ ਇਸ ਸਮੇਂ ਬਲੱਡ ਬੈਂਕਾਂ ਵਿੱਚ ਖ਼ੂਨ ਦੀ ਭਾਰੀ ਕਮੀ ਚੱਲ ਰਹੀ ਹੈ, ਜਿਸ ਕਰਕੇ ਲੋੜਵੰਦ ਮਰੀਜ਼ਾਂ ਨੂੰ ਖ਼ੂਨ ਲੈਣ ਸਮੇਂ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।ਕਲੱਬ ਪ੍ਰਧਾਨ ਅਮਰਜੀਤ ਸਿੰਘ ਜਾਗਦੇ ਰਹੋ ਵੱਲੋਂ ਸਮੂਹ ਖ਼ੂਨਦਾਨੀਆਂ ਨੂੰ ਸਰਟੀਫਿਕੇਟ ਦੇ ਸਨਮਾਨਤ ਕੀਤਾ ਗਿਆ।

ਪ੍ਰੋ. ਪੰਨੂ ਦੀ ਪੰਜਵੀਂ ਬਰਸੀ 'ਤੇ ਸਾਹਿਤਕਾਰਾਂ ਨੇ ਉਨ੍ਹਾ ਨਾਲ ਗੁਜ਼ਾਰੇ ਪਲ ਕੀਤੇ ਸਾਂਝੇ

ਸਮਰਾਲਾ (ਸੁਰਜੀਤ ਸਿੰਘ)

ਸਾਹਿਤਕਾਰ ਪ੍ਰੋ. ਹਮਦਰਦਵੀਰ ਨੌਸ਼ਹਿਰਵੀ ਪੰਨੂ ਦੀ ਪੰਜਵੀਂ ਬਰਸੀ 'ਤੇ ਸਰਕਾਰੀ ਸਕੂਲ 'ਚ ਇਕੱਤਰ ਹੋਏ ਸਾਹਿਤਕਾਰਾਂ ਨੇ ਉਨ੍ਹਾਂ ਨਾਲ ਗੁਜ਼ਾਰੇ ਪਲ ਸਾਂਝੇ ਕੀਤੇ।ਪ੍ਰੋ. ਪੰਨੂ ਯਾਦਗਾਰੀ ਕਮੇਟੀ ਵੱਲੋਂ ਆਯੋਜਤ ਸਮਾਗਮ 'ਚ ਪੰਜਾਬੀ ਸਾਹਿਤ ਦੇ ਵਿਦਵਾਨ ਤੇ ਮੁੱਖ ਵਕਤਾ ਪ੍ਰੋ. ਡਾ ਭੀਮਇੰਦਰ ਸਿੰਘ ਨੇ ਪ੍ਰੋ. ਪੰਨੂ ਦੇ ਸਾਹਿਤ ਤੇ ਵਿਸਥਾਰ ਨਾਲ ਵਿਆਖਿਆਨ ਦਿੱਤਾ।ਉਨ੍ਹਾਂ ਕਿਹਾ ਕਿ ਪ੍ਰੋ. ਪੰਨੂ ਦਾ ਸਾਹਿਤ ਕਾਰਲ ਮਾਰਕਸ ਤੇ ਲੈਨਿਨ ਦੇ ਫਲਸਫੇ ਤੋਂ ਪ੍ਰਭਾਵਤ ਹੈ, ਜੋ ਅਜੋਕੇ ਸਮੇਂ 'ਚ ਆਪਣੀ ਪੂਰੀ ਸਾਰਥਕਤਾ 'ਤੇ ਖਰਾ ਉਤਰਦਾ ਹੈ।ਉਹ ਸਮੁੱਚੇ ਪੰਜਾਬੀ ਸਾਹਿਤ ਵਿਚ ਸਾਹਿਤ ਰਿਸ਼ੀ ਦੇ ਮੁਕੱਦਸ ਮੁਕਾਮ ਤੱਕ ਪਹੁੰਚ ਗਏ ਸਨ।ਉਨ੍ਹਾਂ ਸਾਰੀ ਜ਼ਿੰਦਗੀ ਪੜ੍ਹਨ ਤੇ ਪੜ੍ਹਾਉਣ ਵਿਚ ਗੁਜ਼ਾਰੀ।ਪ੍ਰੋ. ਭੀਮਇੰਦਰ ਨੇ ਕਿਹਾ ਕਿ ਪ੍ਰੋ ਪੰਨੂ ਦੇ ਸਾਹਿਤ 'ਚ ਸਰਮਾਏਦਾਰੀ ਨਿਜ਼ਾਮ ਦੇ ਉਭਾਰ ਤੇ ਮਨੁੱਖੀ ਚੇਤਨਾ ਦੇ ਨਾਸ਼ ਅਤੇ ਅਤੇ ਦੁਨੀਆ ਦੇ ਮਹਾਂਵਿਨਾਸ਼ ਵੱਲ ਨੂੰ ਤੁਰਨਾ ਵੱਡੀ ਤ੍ਰਾਸਦੀ ਦਾ ਜ਼ਿਕਰ ਮੁਖਰ ਰਿਹਾ ਹੈ।ਉਨ੍ਹਾਂ ਕਿਹਾ ਕਿ ਪ੍ਰੋ ਪੰਨੂ ਦਾ ਸਾਹਿਤ ਦੁਨੀਆ ਦੇ ਮਹਾਂਵਿਨਾਸ਼ ਲਈ ਸਰਮਾਏਦਾਰੀ ਨਿਜ਼ਾਮ ਦੇ ਜ਼ਿੰਮੇਵਾਰ ਹੋਣ ਦੀ ਬਾਤ ਪਾਉਂਦਾ ਹੈ।ਪ੍ਰੋ. ਭੀਮਇੰਦਰ ਨੇ ਕਿਹਾ ਕਿ ਪ੍ਰੋ ਪੰਨੂ ਹਮੇਸ਼ਾ ਸੱਚ ਦੇ ਹੱਕ 'ਚ ਡਟ ਕੇ ਖੜ੍ਹੇ। ਸੱਚ ਹਮੇਸ਼ਾ ਰੁਲਿੰਗ ਕਲਾਸ ਦੇ ਵਿਰੋਧ ਵਿਚ ਖੜ੍ਹਦਾ ਹੈ ਤੇ ਰੂਲਿੰਗ ਕਲਾਸ ਨੂੰ ਚੁਣੌਤੀ ਦਿੰਦਾ ਹੈ।ਉਨ੍ਹਾਂ ਆਪਣੀਆਂ ਲਿਖਤਾਂ ਰਾਹੀਂ ਵਿਸ਼ਵੀਕਰਨ ਦਾ ਵਿਰੋਧ ਕੀਤਾ ਤੇ ਜਮਾਤੀ ਘੋਲਾਂ ਵਿਚ ਭਰੋਸਾ ਜਤਾਇਆ।ਪ੍ਰਿੰਸੀਪਲ ਡਾ ਪਰਮਿੰਦਰ ਸਿੰਘ ਬੈਨੀਪਾਲ, ਹਰਜਿੰਦਰਪਾਲ ਸਿੰਘ, ਰਾਜਵਿੰਦਰ ਸਮਰਾਲਾ ਤੇ ਪੰਜਾਬੀ ਲੇਖਕ ਸੁਰਿੰਦਰ ਰਾਮਪੁਰੀ ਨੇ ਵੀ ਪ੍ਰੋ ਪੰਨੂ ਨਾਲ ਗੁਜ਼ਾਰੇ ਪਲ ਸਾਂਝੇ ਕੀਤੇ।ਉਪਰੰਤ ਪ੍ਰੋ ਪੰਨੂ ਦੀ ਯਾਦ ਵਿੱਚ ਕਵੀ ਗੋਸ਼ਠੀ ਵਿਚ ਸ਼ਾਨ ਬਗਲੀ, ਅਨਿਲ ਫ਼ਤਹਿਗੜ੍ਹ ਜੱਟਾਂ, ਮਨਦੀਪ ਮਾਣਕੀ, ਨੇਤਰ ਮੁੱਤੋਂ, ਅਵਤਾਰ ਓਟਾਲਾਂ, ਕੇਵਲ ਕੁੱਲੇਵਾਲ, ਬਲਵੰਤ ਮਾਂਗਟ, ਬਲਬੀਰ ਸਿੰਘ ਬੱਬੀ, ਲਖਬੀਰ ਸਿੰਘ, ਦੀਪਦਿਲਬਰ, ਭਜਨ ਸਿੰਘ, ਲਖਬੀਰ ਲੱਭਾ ਅਤੇ ਹਰਜਿੰਦਰ ਗੋਪਾਲਾਂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।ਮੰਚ ਸੰਚਾਲਨ ਰਾਜਵਿੰਦਰ ਸਮਰਾਲਾ ਤੇ ਦੀਪਦਿਲਬਰ ਨੇ ਕੁਸ਼ਲਤਾ ਨਾਲ ਕੀਤਾ।

ਮੁਕਤਸਰ ਵਾਸੀ ਦਹਿਸ਼ਤ 'ਚ, ਪੁਲਸ ਪ੍ਰਸ਼ਾਸਨ ਕੁੰਭਕਰਨੀ ਨੀਂਦ ਸੁੱਤਾ : ਡੀ ਟੀ ਐੱਫ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)-ਡੈਮੋਕ੍ਰੇਟਿਕ ਟੀਚਰਜ਼ ਫਰੰਟ ਜ਼ਿਲ੍ਹਾ ਇਕਾਈ ਸ੍ਰੀ ਮੁਕਤਸਰ ਸਾਹਿਬ ਦੇ ਪ੍ਰਧਾਨ ਪਵਨ ਕੁਮਾਰ, ਜਨਰਲ ਸਕੱਤਰ ਕੁਲਵਿੰਦਰ ਸਿੰਘ

ਯੂਥ ਕਾਂਗਰਸ ਦੀ ਮੁਹਿੰਮ 'ਰੋਜ਼ਗਾਰ ਦਿਉ, ਨਸ਼ਾ ਨਹੀਂ' ਨੂੰ ਪੰਜਾਬ ਦੇ ਕੋਨੇ-ਕੋਨੇ ਤੱਕ ਲੈ ਕੇ ਜਾਵਾਂਗੇ : ਚੱਡਾ

ਗੁਰਾਇਆ (ਬਿੰਦਰ ਸੁੰਮਨ)

ਪੰਜਾਬ ਪ੍ਰਦੇਸ਼ ਯੂਥ ਕਾਂਗਰਸ ਮਾਮਲਿਆਂ ਦੇ ਇੰਚਾਰਜ਼ ਅਤੇ ਨੈਸ਼ਨਲ ਸਕੱਤਰ ਰਸ਼ਿੰਦਰ ਸਿੰਘ ਮਾਹਰ ਜਲੰਧਰ ਵਿਖੇ ਪਹੁੰਚੇ, ਜਿਨ੍ਹਾਂ ਨਾਲ ਹਲਕਾ ਫਿਲੌਰ ਦੀ ਯੂਥ ਕਾਂਗਰਸ ਦੀ ਟੀਮ ਵਲੋਂ ਇੱਕ ਮੀਟਿੰਗ ਕੀਤੀ ਗਈ, ਜਿਸ ਵਿੱਚ ਯੂਥ ਕਾਂਗਰਸ ਪੰਜਾਬ ਦੇ ਜਨਰਲ ਸਕੱਤਰ ਮਨਪ੍ਰੀਤ ਸਿੰਘ ਚੱਡਾ (ਸੰਗ ਢੇਸੀਆਂ), ਯੂਥ ਕਾਂਗਰਸ ਹਲਕਾ ਫਿਲੌਰ ਦੇ ਪ੍ਰਧਾਨ ਸੁਖਜੀਤ ਸਿੰਘ ਸਾਬੀ (ਮੈਂਬਰ ਪੰਚਾਇਤ) ਤੇ ਇਲਾਵਾ ਯੂਥ ਕਾਂਗਰਸ ਫਿਲੌਰ ਦੇ ਹੋਰ ਅਹੁਦੇਦਾਰ ਅਤੇ ਵਰਕਰ ਮੌਜੂਦ ਸਨ। ਚੱਡਾ ਨੇ ਦੱਸਿਆ ਕਿ ਯੂਥ ਕਾਂਗਰਸ ਦੀ ਮੁਹਿੰਮ 'ਰੋਜ਼ਗਾਰ ਦਿਉ, ਨਸ਼ਾ ਨਹੀਂ' ਨੂੰ ਇਲਾਕੇ ਵਿੱਚ ਪੂਰੀ ਤਰ੍ਹਾਂ ਨਾਲ ਸਫਲ ਬਣਾਉਣ ਸਬੰਧੀ ਇਸ ਮੀਟਿੰਗ 'ਚ ਵਿਚਾਰ ਵਟਾਂਦਰਾ ਕੀਤਾ ਗਿਆ। ਉਨਾਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਦੇਸ਼ ਦੇ ਨੌਜਵਾਨਾਂ ਨੂੰ ਬੇਰੁਜ਼ਗਾਰ ਬਣਾਉਣ ਲਈ ਜੁੰਮੇਵਾਰ ਹੈ, ਕਿਉਂਕਿ ਵੋਟਾਂ ਸਮੇਂ ਭਾਜਪਾ ਨੌਜਵਾਨਾਂ ਨੂੰ ਨੌਕਰੀਆ ਦੇਣ ਦੇ ਵਾਅਦੇ ਕਰਦੀ ਹੈ, ਪਰ ਜਦੋਂ ਵੋਟਾਂ ਖਤਮ ਹੋ ਜਾਂਦੀਆ ਹਨ ਤਾਂ ਇਹ ਵਾਅਦੇ ਸਿਰਫ ਲਾਰੇ ਬਣ ਕੇ ਰਹਿ ਜਾਂਦੇ ਹਨ। ਚੱਡਾ ਨੇ ਸੂਬੇ ਅੰਦਰ ਭਗਵੰਤ ਮਾਨ ਦੀ ਆਪ ਸਰਕਾਰ ਨੂੰ ਆੜੇ ਹੱਥੀ ਲੈਂਦੇ ਹੋਏ ਕਿਹਾ ਕਿ ਨਸ਼ੇ ਦੇ ਖਿਲਾਫ ਚਲਾਈ ਗਈ ਮੁਹਿੰਮ ਇੱਕ ਸਿਆਸੀ ਦਿਖਾਵਾ ਹੈ, ਪਰ ਨੌਜਵਾਨ ਵਰਗ ਅੱਜ ਵੀ ਰੋਜ਼ਗਾਰ ਲਈ ਭਟਕ ਰਿਹਾ ਹੈ। ਹੁਣ ਯੂਥ ਕਾਂਗਰਸ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ 'ਰੋਜ਼ਗਾਰ ਦਿਉ, ਨਸ਼ਾ ਨਹੀਂ' ਮੁਹਿੰਮ ਨੂੰ ਪੰਜਾਬ ਦੇ ਕੋਨੇ ਕੋਨੇ ਤੱਕ ਲੈ ਕੇ ਜਾਣ ਦੀ ਤਿਆਰੀ ਕਰ ਰਹੀ ਹੈ ਤਾਂ ਜੋ ਨੌਜਵਾਨਾਂ ਨੂੰ ਉਨ੍ਹਾਂ ਦਾ ਬਣਦਾ ਹੱਕ ਮਿਲ ਸਕੇ ਅਤੇ ਨਸ਼ੇ ਦੀ ਦਲ ਦਲ ਵਿੱਚ ਫਸ ਰਹੇ ਨੌਜਵਾਨ ਵਰਗ ਬਚਾਇਆ ਜਾ ਸਕੇ।

ਸੁਖਬੀਰ ਸਿੰਘ ਬਾਦਲ ਵੱਲੋਂ ਮੋਹਾਲੀ ਹਲਕੇ 'ਚ ਵਧਾਈਆਂ ਸਰਗਰਮੀਆਂ ਨੇ ਛੇੜੀ ਨਵੀਂ ਚਰਚਾ

ਮੁਹਾਲੀ, (ਗੁਰਜੀਤ ਬਿੱਲਾ)

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਲੰਘੇ ਕੁਝ ਸਮੇਂ ਦੌਰਾਨ ਮੋਹਾਲੀ ਹਲਕੇ ਦੇ ਵੱਖ-ਵੱਖ ਪਿੰਡਾਂ ਅਤੇ ਸ਼ਹਿਰ ਵਿੱਚ ਵੱਖ-ਵੱਖ ਨਿੱਜੀ ਅਤੇ ਹੋਰ ਪਾਰਟੀ ਸਮਾਗਮਾਂ ਵਿੱਚ ਵਧਾਈਆਂ ਗਈਆਂ ਸਰਗਰਮੀਆਂ ਨੇ ਸਿਆਸੀ ਅਖਾੜਿਆਂ ਵਿੱਚ ਨਵੀਂ ਚਰਚਾ ਛੇੜ ਦਿੱਤੀ ਹੈ।ਬਾਦਲ ਆਏ ਦਿਨ ਮੋਹਾਲੀ 'ਚ ਕਿਸੇ ਨਾ ਕਿਸੇ ਨਿੱਜੀ ਜਾਂ ਪਾਰਟੀ ਸਮਾਗਮ ਵਿੱਚ ਨਜ਼ਰ ਆ ਰਹੇ ਹਨ। ਐਤਵਾਰ ਨੂੰ ਵੀ ਉਹ ਮੋਹਾਲੀ ਦੇ ਸੈਕਟਰ 69 ਅਤੇ 70 ਵਿਚਲੇ ਗੁਰਦੁਆਰਾ ਸਿੰਘ ਸਭਾ ਵਿਖੇ ਕਰਵਾਏ ਗਏ ਦੋ ਵੱਖ-ਵੱਖ ਸਮਾਗਮਾਂ ਵਿੱਚ ਸ਼ਮੂਲੀਅਤ ਕਰਨ ਲਈ ਪਹੁੰਚੇ। ਇਸ ਮੌਕੇ ਜਿੱਥੇ ਉਨਾਂ ਨਾਲ ਹਲਕਾ ਇੰਚਾਰਜ ਪਰਵਿੰਦਰ ਸਿੰਘ ਸੋਹਾਣਾ ਤੇ ਹੋਰ ਆਗੂ ਵੀ ਮੌਜੂਦ ਸਨ। ਉੱਥੇ ਹੀ ਉਹਨਾਂ ਵੱਲੋਂ ਮੋਹਾਲੀ ਹਲਕੇ ਅੰਦਰ ਵਧਾਈਆਂ ਗਈਆਂ ਇਹਨਾਂ ਸਰਗਰਮੀਆਂ ਤੋਂ ਬਾਅਦ ਵੱਡੇ ਸਵਾਲ ਉੱਠ ਰਹੇ ਹਨ ਕਿ ਕੀ ਸ਼੍ਰੋਮਣੀ ਅਕਾਲੀ ਦਲ ਭਵਿੱਖ ਵਿੱਚ ਮੋਹਾਲੀ ਹਲਕੇ ਵਿੱਚ ਵੱਡਾ ਦਾਅ ਲਾ ਸਕਦਾ ਹੈ। ਹਾਲਾਂਕਿ ਇਸ ਮੌਕੇ ਗੈਰ ਰਸਮੀ ਗੱਲਬਾਤ ਦੌਰਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅੱਜ ਜਿਸ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਸ ਪ੍ਰੈਪਰਟੀ ਇੰਸਟੀਟਿਊਟ ਮੋਹਾਲੀ ਤੋਂ ਸਿਖਲਾਈ ਲੈ ਕੇ ਨੌਜਵਾਨ ਫੌਜ ਵਿੱਚ ਵੱਡੇ ਅਫਸਰ ਬਣ ਰਹੇ ਹਨ। ਇਹ ਇੰਸਟੀਟਿਊਟ ਵੀ ਪ੍ਰਕਾਸ਼ ਸਿੰਘ ਬਾਦਲ ਦੀ ਹੀ ਦੇਣ ਹੈ ਅਤੇ ਇਸ ਤੋਂ ਇਲਾਵਾ ਮੋਹਾਲੀ ਵਿਚਲਾ ਕੌਮਾਂਤਰੀ ਏਅਰਪੋਰਟ ਅਤੇ ਮੋਹਾਲੀ ਜ਼ਿਲ੍ਹੇ ਵਿੱਚ ਹੋਏ ਵਿਕਾਸ ਕਾਰਜਾਂ ਦੀ ਨੀਂਹ ਵੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਹੀ ਰੱਖੀ ਸੀ। ਉਹਨਾਂ ਕਿਹਾ ਕਿ ਭਵਿੱਖ ਵਿੱਚ ਜਦੋਂ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਮੁੜ ਸੱਤਾ ਵਿੱਚ ਆਵੇਗੀ ਤਾਂ ਮੋਹਾਲੀ ਸ਼ਹਿਰ ਸਮੇਤ ਸੂਬੇ ਵਿੱਚ ਇਤਿਹਾਸਿਕ ਵਿਕਾਸ ਕਾਰਜ ਕੀਤੇ ਜਾਣਗੇ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਮੋਹਾਲੀ ਜ਼ਿਲ੍ਹੇ ਦੇ ਅਧੀਨ ਆਉਂਦੇ ਪਿੰਡਾਂ ਦੇ ਲੋਕ ਆਮ ਤੌਰ 'ਤੇ ਇਹ ਗੱਲ ਕਹਿੰਦੇ ਹਨ ਕਿ ਉਨਾਂ ਦੇ ਇਲਾਕੇ ਵਿੱਚ ਰੁਜ਼ਗਾਰ ਪੈਦਾ ਕਰਨ ਅਤੇ ਉਹਨਾਂ ਦੀਆਂ ਜਮੀਨਾਂ ਦੇ ਭਾਅ ਵਧਾਉਣ ਵਿੱਚ ਸ਼੍ਰੋਮਣੀ ਅਕਾਲੀ ਦਲ ਦਾ ਯੋਗਦਾਨ ਉਹ ਕਦੇ ਨਹੀਂ ਭੁੱਲ ਸਕਦੇ।ਇਸ ਮੌਕੇ ਕਮਲਜੀਤ ਸਿੰਘ ਰੂਬੀ, ਕੁਲਦੀਪ ਕੌਰ ਕੰਗ , ਹਰਮਨਪ੍ਰੀਤ ਸਿੰਘ ਪ੍ਰਿੰਸ , ਮਨਜੀਤ ਸਿੰਘ ਮਾਨ ,ਪ੍ਰਦੀਪ ਸਿੰਘ ਭਾਰਜ ,ਰਵਿੰਦਰ ਸਿੰਘ ਖੇੜਾ ਪਰਮਜੀਤ ਸਿੰਘ ਗਿੱਲ ,ਹਰਿੰਦਰ ਸਿੰਘ ਨੰਬਰਦਾਰ ਸੁੱਖਗੜ ,ਗੁਰਪ੍ਰੀਤ ਸਿੰਘ ਤੰਗੋਰੀ ,ਬਲਜੀਤ ਸਿੰਘ ਦੈੜੀ ,ਸ਼ਮਸ਼ੇਰ ਸਿੰਘ ਪੁਰਖਾਲਵੀ ਆਦਿ ਹਾਜਰ ਸਨ।

ਹਰਿਆਣਾ ਆਬਕਾਰੀ ਵਿਭਾਗ ਨੂੰ ਤੀਜੇ ਦੌਰ ਦੀ ਨਿਲਾਮੀ 'ਚ 2707 ਕਰੋੜ ਰੁਪਏ ਦੀ ਪ੍ਰਾਪਤੀ

ਚੰਡੀਗੜ੍ਹ, (ਕ੍ਰਿਸ਼ਨ ਗਰਗ)

ਹਰਿਆਣਾ ਸਰਕਾਰ ਨੇ ਆਬਕਾਰੀ ਅਤੇ ਕਰਾਧਾਨ ਵਿਭਾਗ ਵੱਲੋਂ ਆਬਕਾਰੀ ਨੀਤੀ 2025-27 ਤਹਿਤ ਸ਼ਰਾਬ ਦੀ ਰਿਟੇਲ ਦੁਕਾਨਾਂ ਦੀ ਤੀਜੇ ਪੜਾਅ ਦੀ ਨੀਲਾਮੀ ਸਫਲਤਾਪੂਰਵਕ ਪ੍ਰਬੰਧਿਤ ਕੀਤੀ ਗਈ। ਇਸ ਪੜਾਅ ਵਿੱਚ ਗੁਰੂਗ੍ਰਾਮ (ਪਹਿਲਾ), ਕਰਨਾਲ, ਪਲਵਲ, ਰਿਵਾੜੀ, ਜੀਂਦ ਅਤੇ ਯਮੁਨਾਨਗਰ ਛੇ ਜ਼ਿਲ੍ਹਿਆਂ ਦੀ ਰਿਟੇਲ ਸ਼ਰਾਬ ਦੁਕਾਨਾਂ ਦੀ ਨੀਲਾਮੀ ਕਰਾਈ ਗਈ। ਬੋਲੀਦਾਤਾਵਾਂ ਨੂੰ 30 ਮਈ ਸਵੇਰੇ 9 ਵਜੇ ਤੋਂ 31 ਮਈ ਸ਼ਾਮ 4 ਵਜੇ ਤੱਕ ਬੋਲੀ ਲਗਾਉਣ ਦਾ ਮੌਕਾ ਦਿੱਤਾ ਗਿਆ। ਹਰੇਕ ਜਿਲ੍ਹੇ ਵਿੱਚ ਸਬੰਧਿਤ ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਗਠਨ ਕਮੇਟੀ ਵੱਲੋਂ ਬੋਲੀਆਂ ਨੂੰ ਖੋਲਿਆ ਗਿਆ।ਆਬਕਾਰੀ ਕਮਿਸ਼ਨਰ ਵਿਨੈ ਪ੍ਰਤਾਪ ਸਿੰਘ ਨੇ ਦਸਿਆ ਕਿ ਵਿਭਾਗ ਨੂੰ 5 ਜ਼ਿਲ੍ਹਿਆਂ ਲਈ ਆਬਕਾਰੀ ਨੀਲਾਮੀ ਦੇ ਤੀਜੇ ਦੌਰਾ ਵਿੱਚ ਪਿਛਲੇ ਦੌਰ ਦੀ ਨੀਲਾਮੀ ਦੀ ਤੁਲਣਾ ਵਿੱਚ ਚੰਗੀ ਪ੍ਰਤੀਕ੍ਰਿਆ ਮਿਲੀ ਹੈ, ਜਿਸ ਵਿੱਚ 270 ਜੋਨਾਂ ਵਿੱਚੋਂ 184 ਜੋਨ ਅਲਾਟ ਕੀਤੇ ਗਏ ਹਨ। ਉਨ੍ਹਾਂ ਨੇ ਕਿਹਾ ਕਿ 184 ਜੋਨਾਂ ਦੀ ਨੀਲਾਮੀ ਪ੍ਰਕ੍ਰਿਆ ਵਿੱਚ ਵਿਆਪਕ ਭਾਗੀਦਾਰੀ ਰਾਜ ਦੀ ਆਬਕਾਰੀ ਨੀਤੀ ਲਈ ਬਿਹਤਰ ਪ੍ਰਤੀਕ੍ਰਿਆ ਨੂੰ ਦਰਸਾਉਂਦੀ ਹੈ।ਉਨ੍ਹਾਂ ਨੇ ਦਸਿਆ ਕਿ ਸੂਬੇ ਦੇ 5 ਜ਼ਿਲ੍ਹਿਆਂ ਦੇ ਨਿਲਾਮ ਕੀਤੇ ਗਏ ਜੋਨਾਂ ਤੋਂ ਲਗਭਗ 2707 ਕਰੋੜ ਰੁਪਏ ਦਾ ਲਾਇਸੈਂਸ ਫੀਸ ਪ੍ਰਾਪਤ ਕਰਨ ਵਿੱਚ ਸਮਰੱਥ ਰਿਹਾ ਹੈ, ਜੋ ਪਿਛਲੀ ਆਬਕਾਰੀ ਨੀਤੀ ਸਾਲ ਵਿੱਚ ਇਸੀ ਦੌਰਾ ਵਿੱਚ ਪ੍ਰਾਪਤ ਲਾਇਸੈਂਸ ਫੀਸ ਤੋਂ ਕਾਫੀ ਵੱਧ ਹੈ। ਸਹੀ ਮਾਲ ਪ੍ਰਾਪਤ ਕਰਨ ਲਈ ਵਿਭਾਗ ਨੇ ਪ੍ਰਾਪਤ ਹੋਈ 3 ਜੋਨਾਂ ਦੀ ਨੀਲਾਮੀ ਨੂੰ ਰੱਦ ਕਰਨ ਅਤੇ ਯਮੁਨਾਨਗਰ ਵਿੱਚ ਸਾਰੇ ਜੋਨਾਂ ਦੀ ਨਵੇਂ ਸਿਰੇ ਤੋਂ ਨੀਲਾਮੀ ਕਰਨ ਦਾ ਫੈਸਲਾ ਕੀਤਾ ਹੈ। ਇੰਨ੍ਹਾਂ 6 ਜ਼ਿਲ੍ਹਿਆਂ ਦੇ ਬਾਕੀ 142 ਜੋਨਾਂ ਦੀ ਨੀਲਾਮੀ ਜੂਨ ਦੇ ਪਹਿਲੇ ਹਫਤੇ ਵਿੱਚ ਫਿਰ ਤੋਂ ਕੀਤੀ ਜਾਵੇਗੀ। ਆਬਕਾਰੀ ਅਤੇ ਕਰਾਧਾਨ ਵਿਭਾਗ ਨੇ ਸਾਰੇ ਜਿਲ੍ਹਿਆਂ ਲਈ ਨੀਲਾਮੀ ਦਾ ਅਗਲਾ ਦੌਰ 3, 4 ਅਤੇ 5 ਜੂਨ ਨੂੰ ਨਿਰਧਾਰਿਤ ਕੀਤਾ ਹੈ।

ਗਾਇਕਾ ਮਨਿੰਦਰ ਦਿਉਲ ਦੀ ਮਾਤਾ ਹਰਜਿੰਦਰ ਕੌਰ ਨੂੰ ਸ਼ਰਧਾਂਜਲੀਆਂ ਭੇਟ

ਮੋਹਾਲੀ, (ਗੁਰਜੀਤ ਬਿੱਲਾ)- ਪੰਜਾਬੀ ਗਾਇਕਾ ਮਨਿੰਦਰ ਦਿਉਲ ਦੀ ਮਾਤਾ ਹਰਜਿੰਦਰ ਕੌਰ ਜਿਨ੍ਹਾਂ ਦਾ ਪਿਛਲੇ ਦਿਨੀਂ ਦੇਹਾਂਤ ਹੋ ਗਿਆ ਸੀ, ਦੀ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਰੋਹ ਖਰੜ ਵਿਖੇ ਕੀਤਾ ਗਿਆ। ਇਸ ਮੌਕੇ ਵੱਖ-ਵੱਖ ਧਾਰਮਿਕ ਸੰਸਥਾਵਾਂ, ਸਿਆਸੀ ਪਾਰਟੀਆਂ ਦੇ ਆਗੂ, ਮਿਊਜ਼ਿਕ ਇੰਡਸਟਰੀ ਅਤੇ ਪਰਵਾਰ ਦੇ ਸਨੇਹੀਆਂ ਨੇ ਮਰਹੂਮ ਹਰਜਿੰਦਰ ਕੌਰ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਭਾਈ ਰਾਗੀ ਸਿੰਘਾ ਦੇ ਜਥੇ ਵਲੋਂ ਵੈਰਾਗਮਈ ਕੀਰਤਨ ਕੀਤਾ। ਇਸ ਮੌਕੇ ਨਾਭਾ ਦੇ ਵਿਧਾਇਕ ਦੇਵ ਮਾਨ, ਮਿਊਜ਼ਿਕ ਪ੍ਰਡਿਊਸਰ ਸਚਿਨ ਅਹੂਜਾ, ਤੇਜਵੰਤ ਕਿੱਟੂ, ਜਸਵੀਰ ਸਿੰਘ ਗਜ਼ੀ, ਇੰਟਰਨੈਸ਼ਨਲ ਕਬੱਡੀ ਖਿਡਾਰੀ ਸਤਨਾਮ ਸੱਤਾ ਅਤੇ ਲੱਖਾ ਗਾਜੀਪੁਰ, ਮੋਗੇ ਤੋਂ ਜਸਵਿੰਦਰ ਸਿੰਘ, ਗੁਰਜੀਤ ਸਿੰਘ ਬਿੱਲਾ, ਜਸਵਿੰਦਰ ਸਿੰਘ ਜੱਸੀ ਵੀਡੀਓ ਡਾਇਰੈਕਟਰ, ਹੈਮੀ ਕਾਹਲੋਂ, ਸੁਰਜੀਤ ਸਿੰਘ ਬਿੰਦਰਖੀਆ ਦਾ ਪਰਵਾਰ, ਮਾਤ ਧਾਲੀਵਾਲ, ਗਾਇਕ ਰਣਵੀਰ, ਹਰਦੀਪ ਸਿੰਘ ਮਹਿਰਾਜ ਸਮੂਹ ਇਲਾਕਾ ਵਾਸੀ ਹਾਜ਼ਰ ਸਨ।

ਕਾਰਪੋਰੇਟਾਂ ਦੇ ਨਿਰਦੇਸ਼ਾਂ 'ਤੇ ਲਾਗੂ ਹੋਈ ਕਿਸਾਨ ਵਿਰੋਧੀ ਲੈਂਡ ਪੂਲਿੰਗ ਨੀਤੀ : ਰਾਣਾ

ਬਲਾਚੌਰ (ਜਸਵਿੰਦਰ ਬੈਂਸ)

ਪਿੰਡ ਮੰਡਿਆਈ ਵਿਖੇ ਸਾਂਝਾ ਕਿਸਾਨ ਮਜ਼ਦੂਰ ਮੋਰਚਾ ਸਬੰਧਤ ਭਾਈ ਲਾਲੋ ਲੋਕ ਮੰਚ ਪੰਜਾਬ ਦੀ ਇੱਕ ਮੀਟਿੰਗ ਸਾਥੀ ਚੰਨਨ ਸਿੰਘ ਮਡਿਆਈ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਸਾਥੀ ਕਰਨ ਸਿੰਘ ਰਾਣਾ ਜਨਰਲ ਸਕੱਤਰ ਪੰਜਾਬ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲਾਗੂ ਕੀਤੀ ਲੈਂਡ ਪੂਲਿੰਗ ਦੀ ਨੀਤੀ ਕਾਰਪੋਰੇਟਾਂ ਦੇ ਨਿਰਦੇਸ਼ਾਂ 'ਤੇ ਲਾਗੂ ਹੋਈ ਹੈ। ਇਹ ਲੈਂਡ ਪੂਲਿੰਗ ਨੀਤੀ ਪੂਰੀ ਤਰ੍ਹਾਂ ਕਿਸਾਨ ਵਿਰੋਧੀ ਹੈ। ਉਹਨਾਂ ਕਿਹਾ ਕਿ ਕਾਰਪੋਰੇਟ ਜਗਤ ਕਿਸਾਨਾਂ ਤੋਂ ਜਮੀਨ ਖੋਹਣ ਦੀ ਨੀਤੀ ਨੂੰ ਹੁਣ ਪੰਜਾਬ ਵਿੱਚ ਨਵੇਕਲੇ ਢੰਗ ਨਾਲ ਲਾਗੂ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਜਿਸ ਦਾ ਵਿਰੋਧ ਕੀਤਾ ਜਾਵੇਗਾ। ਹੁਣ ਪੰਜਾਬ ਸਰਕਾਰ ਨਵੀਂ ਲੈਂਡ ਪੂਲਿੰਗ ਨੀਤੀ ਲੈ ਕੇ ਆਈ ਹੈ ਜਿਸ ਵਿੱਚ ਕਈ ਸਬਜ ਬਾਗ ਦਿਖਾਏ ਗਏ ਹਨ। ਇਸ ਨੀਤੀ ਤਹਿਤ ਸ਼ਹਿਰਾਂ ਦੇ ਨਾਲ ਲੱਗਦੇ ਪਿੰਡਾਂ ਦੀ ਜਮੀਨ ਐਕੂਆਇਰ ਕਰਕੇ ਕਲੋਨੀਆਂ ਬਣਾਈਆਂ ਜਾਣਗੀਆਂ। ਸਰਕਾਰ ਅਨੁਸਾਰ ਇਹ ਕਲੋਨੀਆਂ ਪੰਜਾਬ ਦੇ ਤੇਜ ਵਿਕਾਸ ਵਿੱਚ ਹਿੱਸਾ ਪਾਉਣਗੀਆਂ।ਸਾਥੀ ਰਾਣਾ ਨੇ ਅੱਗੇ ਦੱਸਿਆ ਕਿ ਪਿਛਲੇ 20 ਸਾਲਾਂ ਤੋਂ ਕਿਸਾਨਾਂ ਦੀਆਂ ਜਮੀਨਾਂ ਐਕੂਆਇਰ ਕਰਕੇ ਸ਼ਹਿਰੀ ਕਲੋਨੀਆਂ ਬਣਾਉਣ ਦਾ ਗੋਰਖ ਧੰਦਾ ਚੱਲ ਰਿਹਾ ਹੈ ਜਿਸ ਨੇ ਜਮੀਨ ਮਾਲਕਾਂ ਨੂੰ ਬਰਬਾਦ ਕੀਤਾ ਹੈ।ਅੱਜ ਕੱਲ੍ਹ ਬਹੁਤੇ ਜਮੀਨ ਮਾਲਕਾਂ ਦੇ ਪਰਵਾਰ ਇਹਨਾਂ ਕਲੋਨੀਆਂ ਵਿੱਚ ਚੌਕੀਦਾਰੇ ਦਾ ਕੰਮ ਕਰਦੇ ਦੇਖੇ ਜਾ ਸਕਦੇ ਹਨ। ਪੰਜਾਬ ਸਰਕਾਰ ਭੁਲੇਖਾ ਪਾ ਰਹੀ ਹੈ ਕਿ ਕਿਸਾਨਾਂ ਦੀ ਸਹਿਮਤੀ ਬਿਨਾਂ ਜਮੀਨ ਐਕੂਆਇਰ ਨਹੀਂ ਕੀਤੀ ਜਾਵੇਗੀ। ਰਿਹਾਇਸ਼ੀ ਅਤੇ ਵਪਾਰਕ ਪਲਾਟਾਂ ਦਾ ਲਾਲਚ ਦੇ ਕੇ ਜਮੀਨ ਵੇਚਣ ਦੀ ਸਹਿਮਤੀ ਲੈ ਕੇ ਫਿਰ ਕਿਸੇ ਸ਼ਮਸ਼ਾਨ ਘਾਟ ਜਾਂ ਨਕਾਰਾ ਜਗ੍ਹਾ ਤੋਂ ਪਲਾਟ ਦੇ ਦਿੱਤਾ ਜਾਵੇਗਾ। ਉਹਨਾਂ ਕਿਹਾ ਕਿ ਜਮੀਨ ਕਿਸਾਨ ਦੀ ਮਾਂ ਹੈ ਅਤੇ ਪੰਜਾਬ ਦੇ 65% ਲੋਕਾਂ ਦੀ ਜੀਵਨ ਜਾਂਚ ਖੇਤੀ ਨਾਲ ਜੁੜੀ ਹੋਈ ਹੈ। ਉਹਨਾਂ ਕਿਹਾ ਕਿ ਅੱਜ ਖੇਤੀ ਦੇ ਧੰਦੇ ਨੂੰ ਬਚਾਉਣਾ ਬਹੁਤ ਜਰੂਰੀ ਹੈ। ਉਹਨਾਂ ਭਰੋਸਾ ਦਿੱਤਾ ਕਿ ਉਹਨਾਂ ਦੀ ਜਥੇਬੰਦੀ ਪੰਜਾਬ ਵਿੱਚ ਜਮੀਨ ਦੀ ਲੁੱਟ ਕਰਨ ਦੀ ਆਗਿਆ ਨਹੀਂ ਦੇਵੇਗੀ ਅਤੇ ਕਿਸਾਨਾਂ ਮਜ਼ਦੂਰਾਂ ਨਾਲ ਹਰ ਸੰਘਰਸ਼ ਵਿੱਚ ਨਾਲ ਖੜੇਗੀ।ਇਸ ਮੌਕੇ ਕਰਨੈਲ ਸਿੰਘ ਭੱਲਾ ਹਰਦੇਵ ਸਿੰਘ ਰਾਣਾ ਅਤੇ ਹਰਪਾਲ ਸਿੰਘ ਮੱਕੋਵਾਲ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

ਹਸਪਤਾਲ ਢਾਹਾਂ ਕਲੇਰਾਂ ਵਿਖੇ ਰਿਆਇਤੀ ਅਪ੍ਰੇਸ਼ਨ ਭਲਕ ਤੋਂ

ਬੰਗਾ (ਅਵਤਾਰ ਕਲੇਰ)- ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਤ ਸਰਜਰੀ ਵਿਭਾਗ ਅਤੇ ਔਰਤਾਂ ਦੇ ਵਿਭਾਗ ਵਿਚ ਵੱਖ-ਵੱਖ ਬਿਮਾਰੀਆਂ ਦੇ ਰਿਆਇਤੀ ਅਪ੍ਰੇਸ਼ਨ 4 ਜੂਨ ਤੋਂ ਆਰੰਭ ਹੋ ਰਹੇ ਹਨ। ਡਾ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਦੱਸਿਆ ਕਿ ਲੋੜਵੰਦ ਮਰੀਜ਼ਾਂ ਦੇ ਰਿਆਇਤੀ ਦਰਾਂ 'ਤੇ ਅਪ੍ਰੇਸ਼ਨ ਕੀਤੇ ਜਾਣਗੇ। ਇਹ ਸਹੂਲਤ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ 4 ਜੂਨ ਤੋਂ ਲੈ ਕੇ 21 ਜੂਨ ਤੱਕ ਸਰਜਰੀ ਵਿਭਾਗ ਅਤੇ ਔਰਤਾਂ ਦੇ ਵਿਭਾਗ ਵਿਚ ਜਾਂਚ ਕਰਵਾਉਣ ਵਾਲੇ ਮਰੀਜ਼ਾਂ ਨੂੰ ਪ੍ਰਾਪਤ ਹੋਵੇਗੀ। ਢਾਹਾਂ ਨੇ ਦੱਸਿਆ ਔਰਤਾਂ ਦੀਆਂ ਬਿਮਾਰੀਆਂ ਦਾ ਇਲਾਜ ਅਤੇ ਦੂਰਬੀਨੀ ਅਪ੍ਰੇਸ਼ਨ ਕਰਨ ਦੇ ਮਾਹਰ ਡਾ. ਸ਼ਵੇਤਾ ਬਗੜੀਆ ਐਮ.ਐਸ. ਰੋਜ਼ਾਨਾ ਦੁਪਹਿਰ ਤੱਕ ਚੈੱਕਅਪ ਕਰਦੇ ਤੇ ਅਪਰੇਸ਼ਨ ਕਰਦੇ ਹਨ। 17 ਦਿਨਾਂ ਲਈ ਹਸਪਤਾਲ ਵਿਖੇ ਔਰਤਾਂ ਦੀਆਂ ਵੱਖ-ਵੱਖ ਬਿਮਾਰੀਆਂ ਦੇ ਅਪ੍ਰੇਸ਼ਨਾਂ ਵਿਚ 50 ਫੀਸਦੀ ਛੋਟ ਦਿੱਤੀ ਜਾਵੇਗੀ ਅਤੇ ਗਭਰਵਤੀ ਔਰਤਾਂ ਦਾ ਅਲਟਰਾ ਸਾਊਂਡ ਸਕੈਨ ਚੈਰੀਟੇਬਲ ਰਿਆਇਤੀ ਦਰਾਂ 'ਤੇ ਸਿਰਫ 400 ਰੁਪਏ ਵਿਚ ਕੀਤਾ ਜਾਵੇਗਾ। ਸਰਜਰੀ ਵਿਭਾਗ ਵਿਚ ਪੇਟ ਦੇ ਰੋਗਾਂ ਦੇ ਜਨਰਲ ਅਤੇ ਦੂਰਬੀਨੀ ਅਪ੍ਰੇਸ

ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਵਿਧਾਇਕ ਡਾ. ਇਸ਼ਾਂਕ ਨੇ ਕੀਤੀ ਅਨੋਖੀ ਪਹਿਲ

- ਸੰਤਾਂ ਨੂੰ ਵੀ ਇਸ ਮੁਹਿੰਮ 'ਚ ਸ਼ਾਮਲ ਹੋਣ ਲਈ ਕੀਤੀ ਬੇਨਤੀ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)- ਹਲਕਾ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਇੱਕ ਅਨੋਖਾ ਉਪਰਾਲਾ ਕਰਦੇ ਹੋਏ ਸਮਾਜ ਦੇ ਸਭ ਤੋਂ ਪ੍ਰਭਾਵਸ਼ਾਲੀ ਅੰਗ ਭਾਵ ਸਮੂਹ ਸੰਤ ਸਮਾਜ ਨੂੰ ਬੇਨਤੀ ਕਰਕੇ ਪੰਜਾਬ ਨੂੰ ਇਸ ਨਸ਼ੇ ਦੇ ਚੁੰਗਲ ਤੋਂ ਕੱਢਣ ਲਈ ਵਾਹਿਗੁਰੂ ਦੇ ਚਰਨਾਂ ਵਿੱਚ ਅਰਦਾਸ ਕਰਕੇ, ਸਾਡੇ ਭਟਕੇ ਹੋਏ ਯੁਵਾ ਵਰਗ ਨੂੰ ਇਸ ਤੋਂ ਬਾਹਰ ਲਿਆਉਣ ਲਈ ਯਤਨ ਕਰਨ ਲਈ ਅਪੀਲ ਕੀਤੀ। ਨਾਲ ਹੀ ਉਹਨਾਂ ਨੇ ਸਮੂਹ ਸੰਤ ਸਮਾਜ ਨੂੰ ਵੀ ਇਸ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ 'ਚ ਸ਼ਾਮਿਲ ਹੋਣ ਦੀ ਬੇਨਤੀ ਕੀਤੀ। ਅੱਜ ਗੁਰਦਵਾਰਾ ਬਣਾ ਸਾਹਿਬ ਬਾਹੋਵਾਲ ਵਿਖੇ ਸੁਖਮਨੀ ਸਾਹਿਬ ਪਾਠ ਦਾ ਆਯੋਜਨ ਕਰ ਅਰਦਾਸ ਕੀਤੀ ਗਈ ਜਿਸ ਵਿਚ ਸੈਂਕੜੇ ਸੰਤਾਂ ਮਹਾਤਮਾਵਾਂ, ਸਾਧ ਸੰਗਤ ਅਤੇ ਸਰਪੰਚਾਂ ਨੇ ਹਾਜ਼ਰੀ ਭਰੀ । ਇਸ ਮੌਕੇ ਸੰਤ ਬਾਬਾ ਨਾਗਰ ਸਿੰਘ, ਸੰਤ ਬਾਬਾ ਹਰਮੀਤ ਸਿੰਘ, ਸੰਤ ਬਾਬਾ ਜਗਤਾਰ ਸਿੰਘ, ਸੰਤ ਬਲਰਾਜ ਸਿੰਘ ਜਿਆਣ, ਸੰਤ ਬਾਬਾ ਸੁੱਖਾ ਸਿੰਘ ਪੀਰਬਾਲਾ, ਸੰਤ ਬਾਬਾ ਅਮਰਜੀਤ ਸਿੰਘ ਹਰਖੋਵਾਲ, ਸੰਤ ਕਰਮਜੀਤ ਸਿੰਘ ਟਿੱਬਾ ਸਾਹਿਬ, ਸੰਤ ਮਹਾਂਵੀਰ ਸਿੰਘ ਤਾਜੇਵਾਲ, ਸੰਤ ਪ੍ਰੀਤਮ ਸਿੰਘ ਬਾੜੀਆਂ, ਸੰਤ ਹਰਮਨਜੀਤ ਸਿੰਘ ਸਿੰਗੜੀਵਾਲਾ, ਸੰਤ ਬਲਬੀਰ ਸਿੰਘ ਹਰਿਆਣਾ, ਸੰਤ ਉਂਕਾਰ ਸਿੰਘ, ਬਾਬਾ ਜਰਨੈਲ ਸਿੰਘ, ਬਾਬਾ ਅਜੀਤ ਸਿੰਘ ਦਿਹਾਣਾ, ਸੰਤ ਰਣਜੀਤ ਸਿੰਘ ਬਾਹੋਵਾਲ, ਸੰਤ ਪਵਨ ਤਾਜੇਵਾਲ, ਸੰਤ ਰਾਜੇਸ਼ ਕੁਮਾਰ ਬਜਵਾੜਾ, ਸੰਤ ਹਰੀ ਕ੍ਰਿਸ਼ਨ ਸੋਢੀ ਠੱਕਰਵਾਲ, ਸੰਤ ਕਸ਼ਮੀਰਾ ਸਿੰਘ, ਸੰਤ ਜਗਤਾਰ ਸਿੰਘ ਨੇਕੀ ਵਾਲੇ, ਸੰਤ ਮੱਖਣ ਸਿੰਘ, ਸੰਤ ਬਲਵੀਰ ਸਿੰਘ ਟੂਟੋ ਮਜਾਰਾ, ਭਾਈ ਰਵਿੰਦਰ ਸਿੰਘ ਬਿਹਾਲਾ, ਸੰਤ ਬਾਬਾ ਗੁਰਦੇਵ ਸਿੰਘ ਬਜਵਾੜਾ, ਮੌਲਵੀ ਜੀ ਜੇਜੋ, ਸੰਤ ਸਤੋਖ ਸਿੰਘ ਭਾਰਟਾ, ਅਜਮੇਰ ਸਿੰਘ ਬਾੜੀਆਂ , ਸੰਤ ਦਰਸ਼ਨ ਸਿੰਘ ਬੱਡੋਂ ਅਤੇ ਸੰਤ ਵੰਤ ਸਿੰਘ ਸਿਆਣ ਜ਼ਿਲ੍ਹਾ ਕੁਆਰਡੀਨੇਟਰ, ਹਰਦੀਪ ਸਿੰਘ ਬਾਹੋਵਾਲ ਆਦਿ ਸ਼ਾਮਿਲ ਸਨ । ਡਾ. ਇਸ਼ਾਂਕ ਨੇ ਕਿਹਾ ਕਿ ਸਾਡੇ ਸੰਤ ਮਹਾਤਮਾਂ ਸਾਡੇ ਸਮਾਜ ਦਾ ਸਭ ਤੋਂ ਪ੍ਰਭਾਵਸ਼ਾਲੀ ਅੰਗ ਹਨ, ਜੋ ਪ੍ਰਭਾਵ ਸਾਡੇ ਯੁਵਾ ਵਰਗ ਅਤੇ ਉਹਨਾਂ ਦੇ ਪਰਵਾਰਾਂ 'ਤੇ ਇਸ ਸੰਤ ਸਮਾਜ ਦੀ ਸੋਚ ਅਤੇ ਮਾਰਗ ਦਰਸ਼ਨ ਦਾ ਹੋ ਸਕਦਾ ਹੈ, ਉਹ ਹੋਰ ਕਿਸੇ ਦਾ ਨਹੀਂ ਹੋ ਸਕਦਾ। ਇਸ ਮੌਕੇ ਤੇ ਹਲਕਾ ਹੁਸ਼ਿਆਰਪੁਰ ਲੋਕ ਸਭਾ ਤੋਂ ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ ਵਿਸ਼ੇਸ਼ ਤੌਰ 'ਤੇ ਇਸ ਸਮਾਗਮ ਵਿੱਚ ਸ਼ਾਮਿਲ ਹੋਏ ।

ਨਸ਼ਾ ਮੁਕਤੀ ਯਾਤਰਾ : 24 ਹੋਰ ਪਿੰਡਾਂ 'ਚ ਨਸ਼ੇ ਵਿਰੁੱਧ ਲੜਾਈ ਦਾ ਲਿਆ ਅਹਿਦ

ਕਪੂਰਥਲਾ (ਬਲਵੀਰ ਸ਼ਾਲ੍ਹਾਪੁਰੀ)- ਪੰਜਾਬ ਸਰਕਾਰ ਵਲੋਂ ਨਸ਼ੇ ਵਿਰੁੱਧ ਲੜਾਈ ਨੂੰ ਪਿੰਡ-ਪਿੰਡ ਲਿਜਾ ਕੇ ਲੋਕ ਲਹਿਰ ਬਣਾਉਣ ਦੇ ਮਕਸਦ ਨਾਲ ਸ਼ੁਰੂ ਕੀਤੀ ਨਸ਼ਾ ਮੁਕਤੀ ਯਾਤਰਾ ਵਿੱਚ ਕਪੂਰਥਲਾ ਦੇ ਪਿੰਡਾਂ ਸਪਰੋੜ, ਨੰਗਲ ਮੱਝਾ, ਕਿਸ਼ਨਪੁਰ, ਲੱਖਪੁਰ, ਸੰਗਤਪੁਰ, ਬੇਗਮਪੁਰ, ਮਨਿਆਲਾ, ਸ਼ੇਰਪੁਰ ਦੋਨਾ, ਤੋਤੀ, ਕਰਮਜੀਤਪੁਰ, ਮੁਹੱਬਲੀਪੁਰ, ਮੋਖੇ, ਮਾਛੀਪਾਲ, ਕੌਲਪੁਰ, ਸਿਆਲ, ਲੱਖਨ ਕਲਾਂ, ਲੱਖਣ ਖੁਰਦ, ਪੱਤੀ ਖਿਜਰਪੁਰ, ਲਿੱਟਾਂ, ਸ਼ਾਦੀਪੁਰ, ਰਾਮਗੜ੍ਹ, ਚੁਗਾਵਾਂ, ਹੁਸੇਵਾਲ, ਬਾਬੂਵਾਲ ਵਿਖੇ ਪੁੱਜੀ, ਪਿੰਡਾਂ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਨਸ਼ੇ ਵਿਰੁੱਧ ਲੜਾਈ ਦਾ ਅਹਿਦ ਲਿਆ ਤੇ ਇਸ ਸਮਾਜਿਕ ਬੁਰਾਈ ਨੂੰ ਖਤਮ ਕਰਨ ਲਈ ਮੂਹਰੇ ਹੋ ਕੇ ਕੰਮ ਕਰਨ ਦਾ ਪ੍ਰਣ ਲਿਆ। ਇਸ ਮੌਕੇ ਕਪੂਰਥਲਾ ਦੇ ਪਿੰਡਾਂ ਵਿਚ ਨਸ਼ਾ ਮੁਕਤੀ ਯਾਤਰਾ ਦੌਰਾਨ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਲਲਿਤ ਸਕਲਾਨੀ ਨੇ ਲੋਕਾਂ ਨੂੰ ਨਸ਼ਾ ਵਿਰੁੱਧ ਲੜਾਈ ਦਾ ਅਹਿਦ ਦਿਵਾਇਆ।ਸੁਲਤਾਨਪੁਰ ਲੋਧੀ ਹਲਕੇ ਦੇ ਪਿੰਡਾਂ ਵਿਚ ਚੇਅਰਮੈਨ ਨਗਰ ਸੁਧਾਰ ਟਰੱਸਟ ਸੱਜਣ ਸਿੰਘ ਚੀਮਾ ਨੇ ਲੋਕਾਂ ਨੂੰ ਨਸ਼ੇ ਵਿਰੁੱਧ ਲੜਨ ਦੀ ਸਹੁੰ ਚੁਕਾਈ। ਉਨ੍ਹਾਂ ਕਿਹਾ ਕਿ ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਅਸੀਂ ਪੰਜਾਬ ਸਰਕਾਰ ਦੀ ਇਸ ਮੁਹਿੰਮ ਦਾ ਹਿੱਸਾ ਬਣੀਏ। ਭੁਲੱਥ ਹਲਕੇ ਦੇ ਪਿੰਡਾਂ ਵਿੱਚ ਡਾਇਰੈਕਟਰ ਜਲ ਸਰੋਤ ਐਡਵੋਕੇਟ ਹਰਸਿਮਰਨ ਸਿੰਘ

ਘੁੰਮਣ ਨੇ ਲੋਕਾਂ ਨੂੰ ਹਲਫ ਦਿਵਾਇਆ। ਉਨ੍ਹਾਂ ਦੱਸਿਆ ਕਿ ਲੋਕਾਂ ਵਲੋਂ ਨਸ਼ਾ ਮੁਕਤੀ ਯਾਤਰਾ ਨੂੰ ਭਰਵਾਂ ਹੁੰਗਾਰਾ ਦਿੱਤਾ ਜਾ ਰਿਹਾ ਹੈਫਗਵਾੜਾ ਦੇ ਪਿੰਡਾਂ ਵਿੱਚ ਆਮ ਆਦਮੀ ਪਾਰਟੀ ਦੇ ਬੁਲਾਰੇ ਐਡਵੋਕੇਟ ਹਰਨੂਰ ਸਿੰਘ ਮਾਨ ਨੇ ਲੋਕਾਂ ਨੂੰ ਨਸ਼ਾ ਮੁਕਤੀ ਯਾਤਰਾ ਦੌਰਾਨ ਸਹੁੰ ਚੁਕਾਈ। ਉਨ੍ਹਾਂ ਦੱਸਿਆ ਕਿ ਫਗਵਾੜਾ ਵਿਚ ਵਿਲੇਜ ਡਿਫੈਂਸ ਕਮੇਟੀਆਂ ਦੇ ਮੈਂਬਰਾਂ ਵਲੋਂ ਨਸ਼ੇ ਦੀ ਅਲਾਮਤ ਵਿਰੁੱਧ ਜਾਗਰੂਕਤਾ ਮੁਹਿੰਮ ਪੂਰੀ ਸੰਜੀਦਗੀ ਨਾਲ ਚਲਾਈ ਜਾ ਰਹੀ ਹੈ। ਇਸ ਮੌਕੇ ਲੋਕਾਂ ਨੂੰ ਨਸ਼ੇ ਦੇ ਮਾੜੇ ਅਸਰ ਬਾਰੇ ਦੱਸਣ ਲਈ ਲਿਟਰੇਟਰ ਵੀ ਵੰਡਿਆ ਗਿਆ।

ਡਾ. ਅਸ਼ੋਕ ਕੁਮਾਰ ਮਿੱਤਲ ਵੱਲੋਂ ਲਾਤਵੀਆ ਦਾ ਦੌਰਾ

ਜਲੰਧਰ (ਸ਼ੈਲੀ ਐਲਬਰਟ)- ਡਾ. ਅਸ਼ੋਕ ਕੁਮਾਰ ਮਿੱਤਲ ਸੰਸਦ ਮੈਂਬਰ (ਰਾਜ ਸਭਾ) ਅਤੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਸੰਸਥਾਪਕ ਚਾਂਸਲਰ, ਭਾਰਤ ਦੇ ਇੱਕ ਸਰਬ-ਪਾਰਟੀ ਸੰਸਦੀ ਵਫ਼ਦ ਨਾਲ ਲਾਤਵੀਆ ਵਿੱਚ ਹਨ। ਇਹ ਵਫ਼ਦ ਆਪ੍ਰੇਸ਼ਨ ਸਿੰਦੂਰ ਦਾ ਇੱਕ ਹਿੱਸਾ ਹੈ, ਜੋ ਕਿ ਭਾਰਤ ਦੀ ਇੱਕ ਪਹਿਲ ਹੈ ਜਿਸ ਦਾ ਉਦੇਸ਼ ਦੁਨੀਆ ਭਰ ਵਿੱਚ ਅੱਤਵਾਦ ਵਿਰੁੱਧ ਇੱਕਜੁੱਟ ਲੜਾਈ ਹੈ।ਰੂਸ, ਸਲੋਵੇਨੀਆ ਅਤੇ ਗ੍ਰੀਸ

ਵਿੱਚ ਮਹੱਤਵਪੂਰਨ ਮੀਟਿੰਗਾਂ ਤੋਂ ਬਾਅਦ, ਭਾਰਤੀ ਵਫ਼ਦ ਲਾਤਵੀਅਨ ਸੰਸਦ ਦੇ ਮੈਂਬਰਾਂ, ਵਿਦੇਸ਼ ਮੰਤਰਾਲੇ ਦੇ ਸੀਨੀਅਰ ਅਧਿਕਾਰੀਆਂ, ਨੀਤੀ ਮਾਹਰਾਂ, ਅਕਾਦਮਿਕ, ਮੀਡੀਆ ਅਤੇ ਭਾਰਤੀ ਪ੍ਰਵਾਸੀ ਭਾਈਚਾਰੇ ਨਾਲ ਕਈ ਮੀਟਿੰਗਾਂ ਕਰ ਰਿਹਾ ਹੈ।ਡਾ. ਮਿੱਤਲ ਨੇ ਕਿਹਾ, ਅੱਤਵਾਦ ਇੱਕ ਵਿਸ਼ਵਵਿਆਪੀ ਸਮੱਸਿਆ ਹੈ, ਅਤੇ ਭਾਰਤ ਇਸ ਨੂੰ ਖਤਮ ਕਰਨ ਲਈ ਪੂਰੀ ਦੁਨੀਆ ਨਾਲ ਕੰਮ ਕਰ ਰਿਹਾ ਹੈ। ਲਾਤਵੀਆ ਇੱਕ ਮਜ਼ਬੂਤ ਲੋਕਤੰਤਰੀ ਭਾਈਵਾਲ ਹੈ ਅਤੇ ਇਸ ਲੜਾਈ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਮੈਨੂੰ ਭਾਰਤ ਵੱਲੋਂ ਇਸ ਕੰਮ ਵਿੱਚ ਹਿੱਸਾ ਲੈਣ 'ਤੇ ਮਾਣ ਹੈ।ਇਹ ਦੌਰਾ ਭਾਰਤ ਦੀਆਂ ਸਾਰੀਆਂ ਰਾਜਨੀਤਿਕ ਪਾਰਟੀਆਂ ਦੀ ਅੱਤਵਾਦ ਪ੍ਰਤੀ ਜ਼ੀਰੋ ਸਹਿਣਸ਼ੀਲਤਾ ਅਤੇ ਇਸ ਦੀ ਵਿਕਸਤ ਹੋ ਰਹੀ ਅੱਤਵਾਦ ਵਿਰੋਧੀ ਨੀਤੀ ਨੂੰ ਉਤਸ਼ਾਹਤ ਕਰਨ ਵਾਲੀ ਸੰਯੁਕਤ ਨੀਤੀ ਨੂੰ ਵੀ ਉਜਾਗਰ ਕਰਦਾ ਹੈ।

ਸੈਕੰਡਰੀ ਸਕੂਲ ਅਜਨੋਹਾ 'ਚ ਮਾਪੇ-ਅਧਿਆਪਕ ਮੀਟਿੰਗ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)- ਪੰਜਾਬ ਸਰਕਾਰ ਸਕੂਲ ਸਿੱਖਿਆ ਵਿਭਾਗ ਵਲੋਂ ਮਿਲੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਰਕਾਰੀ ਸਕੂਲਾਂ ਵਿੱਚ ਮਿਸ਼ਨ ਸਮਰੱਥ, ਬਾਈ ਮੰਥਲੀ ਟੈਸਟ ਅਤੇ ਛੁੱਟੀਆਂ ਦੇ ਹੋਮਵਰਕ ਸਬੰਧੀ ਮਾਪੇ-ਅਧਿਆਪਕ ਮੀਟਿੰਗ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਜਨੋਹਾ ਵਿਖੇ ਪ੍ਰਿੰਸੀਪਲ ਹਰਮਨੋਜ ਕੁਮਾਰ ਦੀ ਅਗਵਾਈ ਵਿੱਚ ਕੀਤੀ ਗਈ। ਇਸ ਮੀਟਿੰਗ ਵਿੱਚ

ਵਿਦਿਆਰਥੀਆਂ ਦੀ ਕਾਰਗੁਜ਼ਾਰੀ ਮਾਤਾ-ਪਿਤਾ ਨਾਲ ਸਾਂਝੀ ਕੀਤੀ ਗਈ ਅਤੇ ਉਹਨਾਂ ਨਾਲ ਸਕੂਲ ਦੀ ਬਿਹਤਰੀ ਸਬੰਧੀ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਜਤਿੰਦਰ ਸਿੰਘ, ਰਾਜਵਿੰਦਰ ਕੌਰ, ਸਰਬਜੀਤ ਕੌਰ, ਨਰਿੰਦਰ ਅਜਨੋਹਾ, ਲਵਦੀਪ ਕੌਰ, ਧਰਮਿੰਦਰ ਸਿੰਘ, ਹਾਫਿਜ, ਅਬਿਨਾਸ਼ ਕੌਰ, ਅਮਨਪ੍ਰੀਤ ਕੌਰ, ਅਮਨਜੀਤ ਕੌਰ, ਦੀਪਕ ਕੁਮਾਰ, ਜਸਪ੍ਰੀਤ ਕੌਰ, ਕੁਲਵਿੰਦਰ ਸਿੰਘ, ਮੁਨੀਸ਼ ਕੁਮਾਰ ਅਤੇ ਹਰਭਜਨ ਸਿੰਘ ਕੈਂਪਸ ਮੈਨੇਜਰ ਮੌਜੂਦ ਸਨ।

ਲੋਕ ਭਲਾਈ ਕਾਰਜਾਂ ਨੂੰ ਸਮਰਪਤ ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ : ਜਥੇਦਾਰ ਅਜਨੋਹਾ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)- ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ, ਸਿੰਘ ਸਾਹਿਬ ਗਿਆਨੀ ਗੁਰਦਿਆਲ ਸਿੰਘ ਅਜਨੋਹਾ ਦਾ ਜੱਦੀ ਪਿੰਡ ਅਜਨੋਹਾ ਇਹਨਾਂ ਮਹਾਂਪੁਰਖਾਂ ਦੇ ਇਲਾਕੇ ਵਿੱਚ ਸਿਰਮੌਰ ਸੰਸਥਾ ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ ਰਜਿ ਅਜਨੋਹਾ ਪਿਛਲੇ ਕਈ ਸਾਲਾਂ ਤੋਂ ਲੋਕ ਭਲਾਈ ਦੇ ਕਾਰਜ ਕਰ ਰਹੀ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਸੰਸਥਾ ਮੁਖੀ ਭਾਈ

ਹਰਵਿੰਦਰ ਸਿੰਘ ਖਾਲਸਾ ਅਜਨੋਹਾ ਨੇ ਦੱਸਿਆ ਕਿ ਸੰਸਥਾ ਵਲੋਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅਪਾਰ ਮਿਹਰ ਸਦਕਾ ਇਲਾਕਾ ਨਿਵਾਸੀ ਅਤੇ ਐਨ ਆਰ ਆਈ ਸੰਗਤਾਂ ਦੇ ਸਹਿਯੋਗ ਨਾਲ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਏ ਮਹਾਰਾਜ ਵੱਲੋਂ ਵਰੋਸਾਏ ਗਏ ਬਾਬਾ ਯੱਖ ਜੀ ਦੇ ਜੱਦੀ ਪਿੰਡ ਨਰੂੜ ਵਿਖੇ ਗੁਰੂ ਨਾਨਕ ਚੈਰੀਟੇਬਲ ਡਿਸਪੋਂਸਰੀ ਅਤੇ ਲੈਬੋਰਟਰੀ 4 ਜਨਵਰੀ 2023 ਤੋਂ ਚਲਾਈ ਜਾ ਰਹੀ ਹੈ। ਸੰਸਥਾ ਨੂੰ ਦਾਨੀ ਸੱਜਣ ਲਗਾਤਾਰ ਸਹਿਯੋਗ ਦੇ ਰਹੇ ਹਨ । ਜਿਨ੍ਹਾਂ ਵਿੱਚ ਲੰਬੜਦਾਰ ਪਰਮਜੀਤ ਸਿੰਘ ਜਲਵੇਹੜਾ ਆਪ ਵੀ ਸਹਿਯੋਗ ਕਰ ਰਹੇ ਨੇ ਤੇ ਸੰਗਤਾਂ ਨੂੰ ਸੰਸਥਾ ਨਾਲ ਜੋੜ ਵੀ ਰਹੇ ਹਨ। ਇਸ ਮੌਕੇ ਹਾਜ਼ਰ ਸੰਸਥਾ ਮੁਖੀ ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ, ਲੰਬਰਦਾਰ ਪਰਮਜੀਤ ਸਿੰਘ ਜਲਵੇਹੜਾ, ਗੁਰਪ੍ਰੀਤ ਸਿੰਘ ਗੁਗਲੀ ਖਾਲਸਾ ਅਜਨੋਹਾ,ਹੈਡ ਮਾਸਟਰ ਅਮਰੀਕ ਸਿੰਘ, ਸਾਬਕਾ ਸਰਪੰਚ ਜਗਦੀਪ ਪਾਲ ਸਿੰਘ, ਨਰਿੰਦਰ ਸਿੰਘ, ਸੁਰਿੰਦਰ ਸਿੰਘ ਪੰਜੋੜ ਅਤੇ ਪਰਮਜੀਤ ਸਿੰਘ ਆਦਿ ਹਾਜ਼ਰ ਸਨ।

ਲਾਲ ਚੰਦ ਅੌਜਲਾ ਨੂੰ ਜਨਰਲ ਸਕੱਤਰ ਬਣਾਉਣ 'ਤੇ ਬਸਪਾ ਲੀਡਰਸ਼ਿਪ ਦਾ ਧੰਨਵਾਦ

ਫਿਲੌਰ, (ਨਿਰਮਲ)- ਲਾਲ ਚੰਦ ਅੌਜਲਾ ਜੋ ਹਰਮਨ ਪਿਆਰੇ ਮਿਸ਼ਨਰੀ ਆਗੂ ਹਨ, ਨੂੰ ਜਨਰਲ ਸਕੱਤਰ ਬਸਪਾ ਪੰਜਾਬ ਨਿਯੁਕਤ ਕਰਨ 'ਤੇ ਬਸਪਾ ਰਾਸ਼ਟਰੀ ਪ੍ਰਧਾਨ ਪਰਮ ਸਤਿਕਾਰਯੋਗ ਭੈਣ ਕੁਮਾਰੀ ਮਾਇਆਵਤੀ ਸਾਬਕਾ ਮੁੱਖ ਮੰਤਰੀ ਉੱਤਰ ਪ੍ਰਦੇਸ਼, ਰਣਧੀਰ ਸਿੰਘ ਬੈਨੀਪਾਲ ਨੈਸ਼ਨਲ ਕੋਆਰਡੀਨੇਟਰ, ਵਿਪੁਲ ਕੁਮਾਰ ਕੇਂਦਰੀ ਪ੍ਰਭਾਰੀ ਅਤੇ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਪ੍ਰਧਾਨ ਬਹੁਜਨ ਸਮਾਜ ਪਾਰਟੀ ਪੰਜਾਬ ਇੰਚਾਰਜ ਜੰਮੂ ਕਸ਼ਮੀਰ ਅਤੇ ਚੰਡੀਗੜ੍ਹ ਅਤੇ ਸਮੂਹ ਲੀਡਰਸ਼ਿਪ ਦਾ ਧੰਨਵਾਦ ਕੀਤਾ ਗਿਆ। ਇਸ ਸਬੰਧੀ ਲਾਲ ਚੰਦ ਅੌਜਲਾ ਸੂਬਾ ਜਨਰਲ ਸਕੱਤਰ ਬਸਪਾ ਪੰਜਾਬ ਇੰਚਾਰਜ ਵਿਧਾਨ ਸਭਾ ਹਲਕਾ ਫਿਲੌਰ ਵੱਲੋਂ ਬਸਪਾ ਲੀਡਰਸ਼ਿਪ ਅਤੇ ਸਮੂਹ ਵਰਕਰਾਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਨੂੰ ਪਾਰਟੀ ਵੱਲੋਂ ਦਿੱਤੇ ਮਾਨ ਸਨਮਾਨ ਨੂੰ ਬਰਕਰਾਰ ਰੱਖਦੇ ਹੋਏ ਪਾਰਟੀ ਲਈ ਪੂਰੀ ਤਨਦੇਹੀ ਨਾਲ ਸੇਵਾ ਨਿਭਾਉਣਗੇ।

ਸਰਕਾਰ ਨਸ਼ਿਆਂ ਦਾ ਖਾਤਮਾ ਕਰੇ ਤੇ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਵੇ : ਕਰੀਮਪੁਰੀ

ਬੰਗਾ (ਅਵਤਾਰ ਕਲੇਰ)- ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ 'ਚ ਲੋਕ ਭਲਾਈ ਦੇ ਕੰਮ ਕਰਨ ਦੀ ਬਜਾਏ ਪ੍ਰਾਪਰਟੀ ਡੀਲਰ ਦਾ ਕੰਮ ਕਰ ਰਹੀ ਹੈ। ਇਹ ਸ਼ਬਦ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਰਾਜ ਸਭਾ ਨੇ ਪਿੰਡ ਬੁਰਜ ਕੰਧਾਰੀ ਵਿਖੇ ਆਖੇ। ਪਿਛਲੇ ਦਿਨੀਂ ਸਰਕਾਰੀ ਕਾਲਜ ਲੁਧਿਆਣਾ ਦੇ ਵਾਈਸ ਪ੍ਰਿੰਸੀਪਲ ਹੁਸਨ ਲਾਲ ਬਸਰਾ ਦੀ ਮਾਤਾ ਬੀਬੀ ਗਿਆਨ ਕੌਰ ਵਿਛੋੜਾ ਦੇ ਗਏ ਸਨ। ਇਸ ਸੰਬੰਧ 'ਚ ਕਰੀਮਪੁਰੀ ਪਰਵਾਰ ਨਾਲ ਦੁੱਖ ਸਾਂਝਾ ਕਰਨ ਆਏ ਸਨ। ਕਰੀਮਪੁਰੀ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਪਾਲਿਸੀ ਹੈ ਕਿ ਸਰਕਾਰ ਵੱਡੇ ਸ਼ਹਿਰਾਂ ਜਲੰਧਰ, ਬਠਿੰਡਾ, ਲੁਧਿਆਣਾ ਆਦਿ 'ਚ 25 ਤੋਂ 35 ਹਜ਼ਾਰ ਏਕੜ ਜ਼ਮੀਨ ਖੋਹ ਕੇ ਅਰਬਨ ਅਸਟੇਟ ਉਸਾਰਨ ਜਾ ਰਹੀ ਹੈ। ਉਨ੍ਹਾਂ ਇਸ ਨੀਤੀ ਦੀ ਸ਼ਖਤ ਸ਼ਬਦਾਂ 'ਚ ਅਲੋਚਨਾ ਕੀਤੀ । ਉਨਾਂ ਕਿਹਾ ਕਿ ਬਸਪਾ ਵਲੋਂ ਸ਼ੁਰੂ ਕੀਤੀ 'ਪੰਜਾਬ ਸੰਭਾਲੋ ਮੁਹਿੰਮ' ਦਾ ਮੁੱਖ ਉਦੇਸ਼ ਹੈ ਕਿ ਸਰਕਾਰ ਨਸ਼ਿਆਂ ਦਾ ਖਾਤਮਾ ਕਰੇ ਅਤੇ ਬੇ-ਰੁਜ਼ਗਾਰਾਂ ਨੂੰ ਰੁਜ਼ਗਾਰ ਦੇਵੇ। ਉਨ੍ਹਾਂ ਹੋਰ ਕਿਹਾ ਕਿ ਸਰਕਾਰ ਵਲੋਂ ਸ਼ੁਰੂ ਕੀਤੀ ਨਸ਼ਾ ਖਾਤਮੇ ਦੀ ਮੁਹਿੰਮ ਨਿਰਾ ਡਰਾਮਾ ਹੈ। ਪਿਛਲੇ ਦਿਨੀਂ ਮਜੀਠਾ ਵਿੱਚ ਨਸ਼ੇ ਨਾਲ 28 ਲੋਕਾਂ ਦੀ ਮੌਤ, ਲੁਧਿਆਣਾ 'ਚ 3 ਵਿਅਕਤੀਆਂ ਦੀ ਮੌਤ ਪੰਜਾਬ ਸਰਕਾਰ ਦੀ ਨਸ਼ਾ ਵਿਰੋਧੀ ਮੁਹਿੰਮ ਦੀ ਮੂੰਹ ਬੋਲਦੀ ਤਸਵੀਰ ਹੈ। ਇਸ ਮੌਕੇ ਹਰਬਲਾਸ ਬਸਰਾ, ਪਰਵੀਨ ਬੰਗਾ, ਗੁਰਬਚਨ ਰਾਮ, ਹੁਸਨ ਲਾਲ ਮਾਹੀ, ਰੰਮੀ ਬਸਰਾ, ਪ੍ਰਿੰਸ ਬਸਰਾ, ਅਸ਼ਵਨੀ ਕੁਮਾਰ, ਦੁਨੀ ਚੰਦ, ਜਗਦੀਸ਼ ਕੁਮਾਰ ਅਤੇ ਤਰਸੇਮ ਲਾਲ ਆਦਿ ਹਾਜ਼ਰ ਸਨ।

ਆਰ ਐੱਮ ਪੀ ਆਈ ਵੱਲੋਂ ਸੂਬੇ 'ਚ ਪੁਲਸ ਜਬਰ ਦੀ ਕਰੜੀ ਨਿਖੇਧੀ

ਜਲੰਧਰ : ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆ

3-JUNE-PAGE-10.qxd 6/2/2025 9:11 PM Page 1

ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ 'ਚ ਰੋਸ ਪ੍ਰਦਰਸ਼ਨ 5 ਨੂੰ : ਵੋਕੇਸ਼ਨਲ ਫ਼ਰੰਟ

ਮਾਨਸਾ (ਆਤਮਾ ਸਿੰਘ ਪਮਾਰ)-ਐੱਨ ਐੱਸ ਕਿਊ ਐੱਫ਼ ਦੇ ਜ਼ਿਲ੍ਹਾ ਪ੍ਰਧਾਨ ਗੁਰਪ੍ਰੀਤ ਸਿੰਘ ਭੀਖੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਵਿੱਚ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਦੇ ਵਾਅਦੇ ਨਾਲ ਪੰਜਾਬ ਦੀ ਸੱਤਾ 'ਤੇ ਕਾਬਜ਼ ਹੋਈ ਸੀ, ਪਰ ਕੱਚੇ ਤੇ ਆਊਟਸੋਰਸਿੰਗ ਮੁਲਾਜ਼ਮਾਂ ਨੂੰ 3 ਸਾਲ ਬੀਤਣ ਤੋਂ ਬਾਅਦ ਵੀ ਅਜੇ ਤੱਕ ਪੱਕਾ ਨਹੀਂ ਕੀਤਾ ਗਿਆ। ਸਰਕਾਰ ਵੱਲੋਂ ਕੀਤੇ ਗਏ ਸਾਰੇ ਵਾਅਦੇ ਝੂਠੇ ਨਿਕਲੇ ਤੇ ਐੱਨ ਐੱਸ ਕਿਊ ਐੱਫ਼ ਅਧਿਆਪਕਾਂ ਵੱਲੋਂ ਕਈ ਵਾਰ ਵਿਭਾਗ ਤੇ ਸਿੱਖਿਆ ਮੰਤਰੀ, ਸਬ ਕਮੇਟੀ ਨਾਲ ਮੀਟਿੰਗਾਂ ਕਰਨ ਤੋਂ ਬਾਅਦ ਵੀ ਕੋਈ ਸਿੱਟਾ ਨਹੀਂ ਨਿੱਕਲਿਆ, ਜਿਸ ਤੋਂ ਅੱਕ ਕੇ ਅਧਿਆਪਕਾਂ ਨੇ 5 ਜੂਨ ਲੁਧਿਆਣਾ ਵਿੱਚ ਪੰਜਾਬ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਪੰਜ ਜੂਨ ਨੂੰ ਕੀਤਾ ਜਾਵੇਗਾ ਤੇ ਸਰਕਾਰ ਦੀਆਂ ਨਾਲਾਇਕੀਆਂ ਅਤੇ ਵਿਭਾਗ ਦੀ ਲਾਪ੍ਰਵਾਹੀ ਨੂੰ ਪੋਫਲਿਟ, ਇਸ਼ਤਿਹਾਰ ਵੰਡ ਕੇ ਜੱਗ ਜ਼ਾਹਰ ਕੀਤਾ ਜਾਵੇਗਾ। ਵਿੱਤ ਸਕੱਤਰ ਨਰਪਿੰਦਰ ਸਿੰਘ ਮੋਹਲ ਨੇ ਦੱਸਿਆ ਕਿ 11 ਸਾਲਾਂ ਤੋਂ ਪ੍ਰਾਈਵੇਟ ਕੰਪਨੀਆਂ ਕੋਲ ਸਰਕਾਰੀ ਸਕੂਲਾਂ ਵਿੱਚ ਕੰਮ ਕਰਦੇ ਆ ਰਹੇ ਹਨ।ਇਨ੍ਹਾਂ ਅਧਿਆਪਕਾਂ ਨੇ ਕਈ ਵਾਰ ਮੁੱਖ ਮੰਤਰੀ ਤੇ ਸਿੱਖਿਆ ਮੰਤਰੀ ਨੂੰ ਉਨ੍ਹਾਂ ਦੇ ਵਾਅਦੇ ਯਾਦ ਕਰਵਾਏ, ਪਰ ਇੰਨੇ ਸਾਲਾਂ ਬਾਅਦ ਇਨ੍ਹਾਂ ਦੇ ਕੰਨਾਂ 'ਤੇ ਜੂੰ ਤੱਕ ਨਹੀਂ ਸਰਕੀ।ਫਰੰਟ ਦੇ ਆਗੂਆਂ ਨੇ ਸਰਕਾਰ ਨੂੰ ਸਿੱਧੇ ਤੌਰ 'ਤੇ ਚਿਤਾਵਨੀ ਦਿੱਤੀ ਕਿ ਸਾਡੀਆਂ ਮੰਗਾਂ ਦਾ ਹੱਲ ਕੀਤਾ ਜਾਵੇ ਨਹੀਂ ਤਾਂ ਆਉਣ ਵਾਲੀਆਂ ਵੋਟਾਂ ਵਿੱਚ ਸਰਕਾਰ ਖਿਲਾਫ ਲੁਧਿਆਣਾ ਪੱਛਮ ਦੇ ਬਾਜ਼ਾਰਾਂ ਵਿੱਚ ਲਗਾਤਾਰ ਪ੍ਰਚਾਰ ਜਾਰੀ ਰਹੇਗਾ। ਇਸ ਮੌਕੇ ਕਮੇਟੀ ਮੈਂਬਰ ਰਾਜ ਸਿੰਘ, ਪਰਦੀਪ, ਜਸਪਾਲ ਸਿੰਘ, ਲਾਭ ਸਿੰਘ, ਅਵਤਾਰ ਸਿੰਘ, ਅੰਮ੍ਰਿਤਪਾਲ ਸਿੰਘ, ਸਰਬਜੀਤ ਸਿੰਘ, ਵਰਿੰਦਰ ਕੁਮਾਰ ਤੇ ਮਨਜੀਤ ਸਿੰਘ ਹਾਜ਼ਰ ਸਨ।

ਮਜ਼ਦੂਰ ਨੂੰ ਇਨਸਾਫ ਦਿਵਾਉਣ ਲਈ ਥਾਣਾ ਲੱਖਵਾਲੀ ਅੱਗੇ ਧਰਨਾ ਭਲਕੇ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)-ਪਿੰਡ ਗੰਧੜ ਦੇ ਮਜ਼ਦੂਰ ਮਨਪ੍ਰੀਤ ਸਿੰਘ ਪੁੱਤਰ ਪਾਲਾ ਸਿੰਘ 'ਤੇ ਪਿੰਡ ਰੋਹੀ ਵਾਲਾ ਦੇ ਜੱਗੀ ਸਿੰਘ ਪੁੱਤਰ ਮਹਿੰਦਰ ਸਿੰਘ ਵੱਲੋਂ 5 ਮਈ ਨੂੰ ਅਣਪਛਾਤੇ ਵਿਅਕਤੀਆਂ ਸਮੇਤ ਹਮਲਾ ਕਰਕੇ ਉਸ ਨੂੰ ਜ਼ਖਮੀ ਕਰ ਦਿੱਤਾ ਜਾਂਦਾ ਹੈ, ਜਿਸ ਨੂੰ ਪਿੰਡ ਵਾਸੀਆਂ ਵੱਲੋਂ ਪਹਿਲਾਂ ਸ੍ਰੀ ਮੁਕਤਸਰ ਸਾਹਿਬ ਦੇ ਹਸਪਤਾਲ ਦਾਖਲ ਕਰਵਾਇਆ ਜਾਂਦਾ ਹੈ, ਪਰ ਸੱਟਾਂ ਗੰਭੀਰ ਹੋਣ ਕਾਰਨ ਮੁਕਤਸਰ ਹਸਪਤਾਲ ਵੱਲੋਂ ਉਸ ਨੂੰ ਫਰੀਦਕੋਟ ਰੈਫਰ ਕਰ ਦਿੱਤਾ ਜਾਂਦਾ ਹੈ।ਲਗਭਗ 10 ਦਿਨ ਇਲਾਜ ਤੋਂ ਬਾਅਦ ਮਨਪ੍ਰੀਤ ਸਿੰਘ ਘਰ ਆਉਂਦਾ ਹੈ, ਪਰ ਪੁਲਸ ਵੱਲੋਂ ਦੋਸ਼ੀ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ, ਉਲਟਾ ਦੋਸ਼ੀ ਵੱਲੋਂ ਉਸ ਤੋਂ ਬਾਅਦ ਵੀ ਮਨਪ੍ਰੀਤ ਸਿੰਘ ਨੂੰ ਮਾਰਨ ਦੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਹਨ। ਇਸ ਸਬੰਧੀ ਬਹੁਤ ਵਾਰ ਪੁਲਸ ਥਾਣਾ ਲੱਖੇਵਾਲੀ ਨੂੰ ਮਿਲਿਆ ਗਿਆ, ਪਰ ਕੋਈ ਕਾਰਵਾਈ ਨਹੀਂ ਹੋਈ, ਜਿਸ ਦੇ ਚਲਦਿਆਂ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੀ ਅਗਵਾਈ ਵਿੱਚ ਪਿੰਡ ਵਾਸੀਆਂ ਵੱਲੋਂ 4 ਜੂਨ ਨੂੰ ਥਾਣਾ ਲੱਖੇਵਾਲੀ ਅੱਗੇ ਧਰਨਾ ਦੇਣ ਦਾ ਫੈਸਲਾ ਕੀਤਾ ਗਿਆ ਹੈ। ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਪੀੜਤ ਮਨਪ੍ਰੀਤ ਸਿੰਘ ਨੇ ਦੱਸਿਆ ਕਿ ਜੱਗੀ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਰੋਹੀਵਾਲਾ ਵੱਲੋਂ ਲੰਬੇ ਸਮੇਂ ਤੋਂ ਉਸ ਨੂੰ ਤੰਗ ਪ੍ਰੇਸ਼ਾਨ ਕੀਤਾ ਜਾਂਦਾ ਹੈ ਤੇ ਹੁਣ ਜਦੋਂ ਉਸ ਦੇ ਅਣਪਛਾਤੇ ਵਿਅਕਤੀਆਂ ਸਮੇਤ ਸੱਟਾਂ ਮਾਰੀਆਂ ਗਈਆਂ ਤਾਂ ਪੁਲਸ ਨੇ ਸਿਆਸੀ ਦਬਾਅ ਦੇ ਚਲਦਿਆਂ ਕੋਈ ਕਾਰਵਾਈ ਨਹੀਂ ਕੀਤੀ। ਉਸ ਨੇ ਕਿਹਾ ਕਿ ਉਸ ਨੂੰ ਜੱਗੀ ਸਿੰਘ ਤੋਂ ਖਤਰਾ ਹੈ। ਇਹ ਗੱਲ ਪੁਲਸ ਨੂੰ ਜਿੰਨੇ ਵਾਰ ਵੀ ਮਿਲੇ, ਉਨੇ ਵਾਰ ਹੀ ਦੱਸੀ, ਪਰ ਪੁਲਸ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ, ਜਿਸ ਕਾਰਨ ਮਜਬੂਰੀ ਵੱਸ ਉਨ੍ਹਾਂ ਨੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਮਸਲਾ ਧਿਆਨ ਵਿੱਚ ਲਿਆਂਦਾ ਅਤੇ ਪਿੰਡ ਵਾਸੀਆਂ ਨੇ ਮਨਪ੍ਰੀਤ ਸਿੰਘ ਨੂੰ ਇਨਸਾਫ ਦਿਵਾਉਣ ਲਈ 4 ਮਈ ਨੂੰ ਥਾਣਾ ਲੱਖੇਵਾਲੀ ਮੂਹਰੇ ਧਰਨਾ ਦੇਣ ਦਾ ਫੈਸਲਾ ਕੀਤਾ।

ਕਾਮਰੇਡ ਅਮੋਲਕ ਸਿੰਘ ਤੇ ਸਾਥੀਆਂ ਦੀ ਬਰਸੀ 7 ਨੂੰ

ਫਰੀਦਕੋਟ (ਐਲਿਗਜੈਂਡਰ ਡਿਸੂਜਾ)-ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਜ਼ਿਲ੍ਹਾ ਫਰੀਦਕੋਟ ਦੀ ਮੀਟਿੰਗ ਮਨਜੀਤ ਕੌਰ ਨੱਥੇਵਾਲਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਕਮੇਟੀ ਮੈਂਬਰਾਂ ਨੇ ਹਿੱਸਾ ਲਿਆ।ਜ਼ਿਲ੍ਹਾ ਪ੍ਰਧਾਨ ਪੱਪੀ ਸਿੰਘ ਢਿੱਲਵਾਂ ਜ਼ਿਲ੍ਹਾ ਸਕੱਤਰ ਗੋਰਾ ਸਿੰਘ ਪਿਪਲੀ ਨੇ ਕਿਹਾ ਕਿ ਮਜ਼ਦੂਰਾਂ ਦੇ ਆਗੂ ਕਾਮਰੇਡ ਅਮੋਲਕ ਸਿੰਘ ਔਲਖ ਤੇ ਉਨ੍ਹਾਂ ਦੇ ਛੇ ਸਾਥੀਆਂ ਦੀ ਬਰਸੀ ਉਨ੍ਹਾਂ ਦੇ ਜੱਦੀ ਪਿੰਡ ਔਲਖ ਵਿਖੇ ਬੜੀ ਧੂਮਧਾਮ ਤੇ ਸ਼ਰਧਾ ਨਾਲ ਮਨਾਈ ਜਾ ਰਹੀ ਹੈ, ਜਿਸ ਵਿੱਚ ਸੈਂਕੜੇ ਨਰੇਗਾ ਵਰਕਰ ਹਿੱਸਾ ਲੈਣਗੇ।ਪਾਰਟੀ ਦੇ ਸੂਬਾਈ ਤੇ ਜ਼ਿਲ੍ਹਾ ਆਗੂ ਸੰਬੋਧਨ ਕਰਨਗੇ।ਭਾਰਤੀ ਕਮਿਊਨਿਸਟ ਪਾਰਟੀ ਦੇ ਸੂਬਾਈ ਆਗੂ ਨਰੇਗਾ ਮਜ਼ਦੂਰਾਂ, ਖੇਤ ਮਜ਼ਦੂਰਾਂ ਤੇ ਆਮ ਲੋਕਾਂ ਦੀਆਂ ਸਮੱਸਿਆਵਾਂ 'ਤੇ ਵਿਚਾਰ ਚਰਚਾ ਕਰਨਗੇ, ਨਾਲ ਹੀ ਨਰੇਗਾ ਮਜ਼ਦੂਰਾਂ ਨੂੰ ਆ ਰਹੀਆਂ ਸਮੱਸਿਆਵਾਂ 'ਤੇ ਵਿਚਾਰ ਚਰਚਾ ਹੋਵੇਗੀ ਅਤੇ ਕੇਂਦਰ ਤੇ ਪੰਜਾਬ ਸਰਕਾਰ ਦੀ ਮਜ਼ਦੂਰਾਂ ਪ੍ਰਤੀ ਪਹੁੰਚ ਨੂੰ ਵੀ ਉਜਾਗਰ ਕੀਤਾ ਜਾਵੇਗਾ।ਇਸ ਬਰਸੀ ਦੌਰਾਨ ਨਰੇਗਾ ਵਰਕਰ ਵੱਡੀ ਗਿਣਤੀ 'ਚ ਸ਼ਾਮਲ ਹੋਣਗੇ। ਇਸ ਮੌਕੇ ਜੈਤੋ ਬਲਾਕ ਵਿੱਚੋਂ ਰਾਮ ਸਿੰਘ ਚੈਨਾ, ਰੇਸ਼ਮ ਸਿੰਘ ਮੱਤਾ, ਕੋਟਕਪੂਰਾ ਬਲਾਕ 'ਚੋਂ ਮਨਜੀਤ ਕੌਰ ਨੱਥੇ ਵਾਲਾ, ਰੇਸ਼ਮ ਸਿੰਘ ਜਟਾਣਾ, ਪੱਪੀ ਸਿੰਘ ਢਿੱਲਵਾਂ, ਬਲੀ ਸਿੰਘ ਢਿੱਲਵਾਂ, ਫਰੀਦਕੋਟ ਬਲਾਕ ਵੱਲੋਂ ਕਰਮਜੀਤ ਕੌਰ ਮਚਾਕੀ, ਚਰਨਜੀਤ ਚੰਬੇਲੀ, ਖੁਸ਼ਦੀਪ ਕੌਰ ਕਿਲਾਂ ਨੌਂ, ਰੁਪਿੰਦਰ ਕੌਰ ਔਲਖ, ਸੋਨਾ ਸਿੰਘ ਸਿਰਸੜੀ ਆਦਿ ਆਗੂ ਹਾਜ਼ਰ ਸਨ।

ਨਸ਼ੇ ਵੇਚਣ ਤੋਂ ਰੋਕਣ ਵਾਲੇ ਸਾਬਕਾ ਫੌਜੀ ਦੀ ਕੁੱਟਮਾਰ ਦਾ ਮਾਮਲਾ ਤੂਲ ਫੜਨ ਲੱਗਾ

ਬਠਿੰਡਾ (ਪਰਵਿੰਦਰ ਜੀਤ ਸਿੰਘ)-ਜ਼ਿਲ੍ਹਾ ਬਠਿੰਡਾ ਦੇ ਪਿੰਡ ਭਾਈ ਬਖਤੌਰ ਵਿੱਚ ਨਸ਼ੇ ਵੇਚਣ ਤੋਂ ਰੋਕਣ ਵਾਲੇ ਸਾਬਕਾ ਫੌਜੀ ਦੀ ਬੁਰੀ ਤਰ੍ਹਾਂ ਕੁੱਟਮਾਰ ਕਰਕੇ ਲੱਤਾਂ ਤੋੜਨ ਦਾ ਮਾਮਲਾ ਤੂਲ ਫੜਦਾ ਜਾ ਰਿਹਾ ਹੈ, ਜ਼ਖਮੀ ਫੌਜੀ ਨੂੰ ਬਠਿੰਡਾ ਦੇ ਨਿੱਜੀ ਹਸਪਤਾਲ ਵਿੱਚ ਇਲਾਜ ਲਈ ਭਰਤੀ ਕਰਵਾਇਆ ਗਿਆ ਹੈ। ਨਸ਼ੇ ਤੋਂ ਪ੍ਰੇਸ਼ਾਨ ਪਿੰਡ ਵਾਸੀਆਂ ਨੇ ਆਪਣਾ ਪਿੰਡ ਵਿਕਾਊ ਤੱਕ ਕਰ ਦਿੱਤਾ ਹੈ, ਜਿਸ ਦੇ ਇੱਕ ਨੌਜਵਾਨ ਨੇ ਪੋਸਟਰ ਵੀ ਲਗਾ ਦਿੱਤੇ ਹਨ। ਪੁਲਸ ਨੇ ਤਿੰਨ ਕਥਿੱਤ ਆਰੋਪੀਆਂ ਖਿਲਾਫ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਸਾਬਕਾ ਫੌਜੀ ਨੇ ਦੱਸਿਆ ਕਿ ਉਹ ਪਿੰਡ ਵਿੱਚੋਂ ਨਸ਼ਾ ਵੇਚਣ ਵਾਲਿਆਂ ਦਾ ਵਿਰੋਧ ਕਰਦਾ ਸੀ ਤੇ ਪਿਛਲੇ ਸਮੇਂ ਦੌਰਾਨ ਉਨ੍ਹਾਂ ਨੇ ਪਿੰਡ ਵਿੱਚ ਕਮੇਟੀ ਬਣਾ ਕੇ ਨਸ਼ੇ ਖਿਲਾਫ ਪ੍ਰਚਾਰ ਵੀ ਕੀਤਾ, ਜਿਸ ਕਰਕੇ ਉਸ ਨਾਲ ਨਸ਼ਾ ਵੇਚਣ ਵਾਲੇ ਰੰਜਿਸ਼ ਰੱਖਦੇ ਸਨ ਤੇ ਪਹਿਲਾਂ ਵੀ ਕਈ ਵਾਰ ਲੜਾਈ ਹੋ ਚੁੱਕੀ ਹੈ। ਪਿੰਡ ਵਾਸੀਆਂ ਨੇ ਕਿਹਾ ਕਿ ਸਾਰੇ ਪਿੰਡ ਵਾਸੀ ਉਕਤ ਕਥਿਤ ਦੋਸ਼ੀਆਂ ਤੋਂ ਪ੍ਰੇਸ਼ਾਨ ਹਨ, ਜਿਸ ਕਰਕੇ ਅਸੀਂ ਅੱਜ ਪਿੰਡ ਵਿੱਚ ਪਿੰਡ ਵਿਕਾਊ ਦਾ ਪੋਸਟਰ ਵੀ ਲਗਾਇਆ। ਉਨ੍ਹਾਂ ਕਿਹਾ ਕਿ ਉਕਤ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਹੋਣੀ ਚਾਹੀਦੀ ਹੈ, ਪਰ ਸਰਕਾਰ ਯੁੱਧ ਨਸ਼ੇ ਵਿਰੁੱਧ ਮੁਹਿਮ ਤਾਂ ਚਲਾ ਰਹੀ ਹੈ, ਪਰ ਸਖਤ ਕਾਰਵਾਈ ਨਹੀਂ ਹੋ ਰਹੀ ਤੇ ਨਸ਼ਾ ਸ਼ਰੇਆਮ ਵਿਕ ਰਿਹਾ ਹੈ। ਓਧਰ, ਦੂਜੇ ਪਾਸੇ ਕੋਟਫੱਤਾ ਪੁਲਸ ਨੇ ਇਸ ਮਾਮਲੇ ਵਿੱਚ ਤਿੰਨ ਲੋਕਾਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਕਥਿਤ ਦੋਸ਼ੀਆਂ ਖਿਲਾਫ ਮਾਮਲਾ ਦਰਜ ਕਰਕੇ ਉਨ੍ਹਾਂ ਦੀ ਛਾਪੇਮਾਰੀ ਲਈ ਟੀਮਾਂ ਭੇਜ ਦਿੱਤੀਆਂ ਹਨ ਤੇ ਜਲਦੀ ਹੀ ਉਨ੍ਹਾਂ ਦੀ ਗ੍ਰਿਫਤਾਰੀ ਕਰ ਲਿਆ ਜਾਵੇਗਾ।

ਸੀ ਐੱਮ ਦੀ ਯੋਗਸ਼ਾਲਾ ਨਾਲ ਸਿਖਿਆਰਥੀ ਉਠਾ ਰਹੇ ਹਨ ਵੱਡਾ ਲਾਭ : ਰਮਨਜੀਤ ਕੌਰ

ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸੀ ਐੱਮ ਦੀ ਯੋਗਸ਼ਾਲਾ ਲੋਕ ਹਿੱਤ ਵਿੱਚ ਇੱਕ ਅਹਿਮ ਪ੍ਰੋਗਰਾਮ ਹੈ, ਜਿਸ ਦਾ ਰੋਜ਼ਾਨਾ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਲਾਭ ਲੈ ਰਹੇ ਹਨ।ਇਸ ਬਾਰੇ ਜਾਣਕਾਰੀ ਦਿੰਦਿਆਂ ਯੋਗ ਕੁਆਰਡੀਨੇਟਰ ਰਮਨਜੀਤ ਕੌਰ ਨੇ ਦੱਸਿਆ ਕਿ ਸੈਣੀ ਧਰਮਸ਼ਾਲਾ ਸਰਹਿੰਦ ਫਤਿਹਗੜ੍ਹ ਸਾਹਿਬ ਵਿੱਚ ਸ਼ਾਮ ਨੂੰ 3:50 ਤੋਂ 4:50 ਤੱਕ ਟ੍ਰੇਨਰ ਨੇਹਾ ਦੀ ਅਗਵਾਈ ਹੇਠ ਯੋਗਾ ਕਲਾਸ ਚਲਦੀ ਹੈ, ਜਿਸ ਵਿੱਚ ਅੰਜਲੀ ਅਚਾਰਿਆ ਤੇ ਰਮਨ ਕੌਰ ਨੇ ਦੱਸਿਆ ਕਿ ਉਹ ਪਿਛਲੇ ਚਾਰ ਸਾਲ ਤੋਂ ਮਾਈਗਰੇਨ ਤੇ ਸਰਵਾਈਕਲ ਤੋਂ ਕਾਫੀ ਪ੍ਰੇਸ਼ਾਨ ਸਨ ਅਤੇ ਉਹ ਹਰ ਰੋਜ਼ ਦਰਦ ਨਿਵਾਰਕ ਦਵਾਈਆਂ ਲੈ ਰਹੇ ਸੀ, ਪਰ ਸਥਾਈ ਤੌਰ 'ਤੇ ਕੋਈ ਫਰਕ ਨਹੀਂ ਪੈ ਰਿਹਾ ਸੀ।

ਸਿੱਖਿਆਰਥਣਾਂ ਨੇ ਦੱਸਿਆ ਕਿ ਜਦੋਂ ਤੋਂ ਉਨ੍ਹਾਂ ਨੇ ਯੋਗਾ ਕਰਨਾ ਸ਼ੁਰੂ ਕੀਤਾ ਹੈ ਤਾਂ ਉਸ ਨਾਲ ਨਾ ਕੇਵਲ ਉਨ੍ਹਾਂ ਨੂੰ ਦਵਾਈਆਂ ਤੋਂ ਛੁਟਕਾਰਾ ਮਿਲਿਆ, ਇਸ ਦੇ ਨਾਲ ਹੀ ਮਾਈਗਰੇਨ, ਸਰਵਾਈਕਲ, ਬੀ ਪੀ ਤੇ ਪਿੱਠ ਦਰਦ ਵਰਗੀਆਂ ਬਿਮਾਰੀਆਂ ਤੋਂ ਵੀ ਰਾਹਤ ਮਿਲੀ ਹੈ।ਰਮਨਜੀਤ ਕੌਰ ਨੇ ਦੱਸਿਆ ਕਿ ਨਿਯਮਤ ਯੋਗਾ ਕਰਨ ਨਾਲ ਸਿਖਿਆਰਥੀਆਂ ਦੀ ਸਰੀਰਕ ਸਿਹਤ ਦੇ ਨਾਲ ਨਾਲ ਮਾਨਸਿਕ ਸਿਹਤ ਵਿੱਚ ਵੀ ਕਾਫੀ ਸੁਧਾਰ ਆਉਂਦਾ ਹੈ।ਰਮਨਜੀਤ ਕੌਰ ਨੇ ਕਿਹਾ ਕਿ ਕਿਸੇ ਵੀ ਮੁਹੱਲੇ ਵਿੱਚ ਯੋਗ ਸੈਸ਼ਨ ਸ਼ੁਰੂ ਕਰਨ ਦੇ ਚਾਹਵਾਨ, 25 ਲੋਕਾਂ ਦਾ ਸਮੂਹ ਬਣਾ ਕੇ, ਟੋਲ ਫ੍ਰੀ ਨੰਬਰ 76694-00500 ਉਤੇ ਮਿਸ ਕਾਲ਼ ਕਰਕੇ ਜਾਂ https://cmdiyogshala.punjab .gov.in 'ਤੇ ਲਾਗ ਇਨ ਕਰਕੇ ਆਪਣੇ ਆਪ ਨੂੰ ਰਜਿਸਟਰ ਕਰਵਾ ਸਕਦੇ ਹਨ।

ਜੌਗਰਫ਼ੀ ਲੈਕਚਰਾਰਾਂ ਦੀਆਂ ਕੁੱਲ ਮਨਜ਼ੂਰ ਆਸਾਮੀਆਂ ਹੋਣਗੀਆਂ ਬਹਾਲ

■ ਜੌਗਰਫ਼ੀ ਟੀਚਰਜ਼ ਯੂਨੀਅਨ ਦੀ ਡਾਇਰੈਕਟਰ ਸਿੱਖਿਆ ਨਾਲ ਮੀਟਿੰਗ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਪੰਜਾਬ ਸਰਕਾਰ ਵੱਲੋਂ ਅਗਸਤ 2018 ਦੇ ਗਜਟ ਨੋਟੀਫਿਕੇਸ਼ਨ ਅਨੁਸਾਰ ਸਕੂਲ ਲੈਕਚਰਾਰਾਂ ਦੀਆਂ ਕੁੱਲ ਮੰਨਜ਼ੂਰਸ਼ੁਦਾ 13252 ਆਸਾਮੀਆਂ ਵਿੱਚ ਜੌਗਰਫ਼ੀ (ਭੂਗੋਲ) ਲੈਕਚਰਾਰਾਂ ਦੀਆਂ ਕੇਵਲ 357 ਆਸਾਮੀਆਂ ਹੋਣ ਕਰਕੇ, ਉਸ ਵਿੱਚੋਂ ਵੀ ਖਾਲੀ 128 ਆਸਾਮੀਆਂ ਨੂੰ ਸਕੂਲ ਸਿੱਖਿਆ ਵਿਭਾਗ (ਸੈਕੰਡਰੀ) ਪੰਜਾਬ ਵੱਲੋਂ ਈ-ਪੰਜਾਬ ਪੋਰਟਲ 'ਤੇ ਨਾ ਦਰਸਾਉਣ ਕਰਕੇ ਇਸ ਵਿਸ਼ੇ ਦੇ ਅਧਿਆਪਕਾਂ ਦੀਆਂ ਤਰੱਕੀਆਂ ਵਿੱਚ ਰੁਕਾਵਟ ਆਉਣ, ਸਿੱਧੀ ਭਰਤੀ ਤੇ ਬਦਲੀਆਂ ਸਮੇਂ ਸਟੇਸ਼ਨ ਸ਼ੋਅ ਨਾ ਹੋਣ ਕਾਰਨ ਆ ਰਹੀਆਂ ਸਮੱਸਿਆਵਾਂ, ਪੰਜਾਬ ਦੇ 2000 ਸੈਕੰਡਰੀ ਸਕੂਲਾਂ ਵਿੱਚੋਂ 1771 ਸਕੂਲਾਂ ਦੇ ਵਿਦਿਆਰਥੀਆਂ ਦਾ ਭੂਗੋਲ ਵਿਸ਼ੇ ਦੇ ਗਿਆਨ ਤੋਂ ਵਾਂਝੇ ਹੋਣਾ ਅਤੇ ਹੋਰਨਾਂ ਮੁੱਦਿਆਂ ਨੂੰ ਲੈ ਕੇ ਜੌਗਰਫ਼ੀ ਪੋਸਟ ਗਰੈਜੂਏਟ ਟੀਚਰਜ਼ ਯੂਨੀਅਨ ਪੰਜਾਬ ਵੱਲੋਂ ਜਥੇਬੰਦੀ ਦੇ ਸੂਬਾ ਪ੍ਰਧਾਨ ਸੁਖਜਿੰਦਰ ਸਿੰਘ ਸੁੱਖੀ ਤੇ ਜਨਰਲ ਸਕੱਤਰ ਦਿਲਬਾਗ ਸਿੰਘ ਲਾਪਰਾਂ ਦੀ ਅਗਵਾਈ ਵਿੱਚ ਵਫ਼ਦ ਨੇ ਗੁਰਿੰਦਰ ਸਿੰਘ ਸੋਢੀ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰ:) ਪੰਜਾਬ ਤੇ ਸਹਾਇਕ ਡਾਇਰੈਕਟਰ ਪਰਮਿੰਦਰ ਕੌਰ ਚਾਹਲ ਅਤੇ ਪੀ. ਏ. ਭਾਰਤ ਭੂਸ਼ਨ ਨਾਲ ਦਿੱਤੇ ਹੋਏ ਸਮੇਂ ਅਨੁਸਾਰ ਮੀਟਿੰਗ ਕੀਤੀ। ਮੀਟਿੰਗ ਦੌਰਾਨ ਜਥੇਬੰਦੀ ਨੇ ਧਿਆਨ ਵਿੱਚ ਲਿਆਂਦਾ ਕਿ ਲੈਕਚਰਾਰਾਂ ਦੀਆਂ ਆਸਾਮੀਆਂ ਦੀ ਰਚਨਾ ਸਮੇਂ ਸਿੱਖਿਆ ਵਿਭਾਗ ਵੱਲੋਂ ਯੋਗ ਤੇ ਸਹੀ ਮਾਪਦੰਡ ਨਾ ਅਪਣਾਉਣ ਕਰਕੇ ਲੈਕਚਰਾਰਾਂ ਦੀਆਂ ਆਸਾਮੀਆਂ ਦੀ ਵਿਸਥਾਰ ਵੰਡ ਵਿੱਚ ਅਸੰਤੁਲਨ ਪੈਦਾ ਹੋਇਆ ਹੈ।ਸੋਸ਼ਲ ਸਾਇੰਸ ਵਿੱਚ ਮੈਟ੍ਰਿਕ ਪੱਧਰ ਤੱਕ 30-30 ਫੀਸਦੀ ਪਾਠਕ੍ਰਮ ਜੌਗਰਫ਼ੀ (ਭੂਗੋਲ) ਤੇ ਹਿਸਟਰੀ ਦਾ, 20-20 ਫੀਸਦੀ ਇਕਨਾਮਿਕਸ ਤੇ ਰਾਜਨੀਤੀ ਸ਼ਾਸਤਰ ਦਾ ਪੜ੍ਹਾਇਆ ਜਾਂਦਾ ਹੈ, ਪ੍ਰੰਤੂ 12ਵੀਂ ਪੱਧਰ 'ਤੇ ਲੈਕਚਰਾਰਾਂ ਦੀਆਂ ਆਸਾਮੀਆਂ ਦੀ ਵਿਸ਼ਾਵਾਰ ਵੰਡ ਸਮੇਂ ਜੌਗਰਫ਼ੀ ਵਿਸ਼ੇ ਨਾਲ ਵਿਤਕਰਾ ਕਰਦੇ ਹੋਏ ਹਿਸਟਰੀ ਦੀਆਂ 1448, ਰਾਜਨੀਤੀ ਸ਼ਾਸਤਰ ਦੀਆਂ 1425, ਅਰਥ-ਸ਼ਾਸਤਰ ਦੀਆਂ 1193 ਤੇ ਜੌਗਰਫ਼ੀ ਦੀਆਂ ਕੇ

3-June--page-11-Majha-2025-C-Final.qxd 6/2/2025 9:10 PM Page 1

ਜ਼ਫਰਵਾਲ ਤੇ ਮੱਲ੍ਹੀਆਂ ਫ਼ਕੀਰਾਂ 'ਚ ਨਸ਼ਿਆਂ ਖਿਲਾਫ ਵਿੱਢੀ ਜਾਗਰੂਕਤਾ ਮੁਹਿੰਮ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਚਲਾਈ ਗਈ ਜਾਗਰੂਕਤਾ ਮੁਹਿੰਮ ਤਹਿਤ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਸ. ਜਗਰੂਪ ਸਿੰਘ ਸੇਖਵਾਂ ਵੱਲੋਂ ਵਿਧਾਨ ਸਭਾ ਹਲਕਾ ਕਾਦੀਆਂ ਦੇ ਪਿੰਡ ਜ਼ਫਰਵਾਲ ਅਤੇ ਮੱਲੀਆਂ ਫ਼ਕੀਰਾਂ ਵਿਖੇ ਪਹੁੰਚ ਲੋਕਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕੀਤਾ।ਇਸ ਮੌਕੇ ਆਯੋਜਿਤ ਜਾਗਰੂਕਤਾ ਸਭਾਵਾਂ ਦੌਰਾਨ ਚੇਅਰਮੈਨ ਸ. ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਪੰਜਾਬ ਦੀ ਧਰਤੀ ਉਪਰ ਨਸ਼ੇ ਲਈ ਕੋਈ ਥਾਂ ਨਹੀਂ ਹੈ ਅਤੇ ਸਰਕਾਰ ਵੱਲੋਂ ਨਸ਼ਿਆਂ ਦੇ ਖ਼ਾਤਮੇ ਲਈ ਯੁੱਧ ਨਸ਼ਿਆਂ ਵਿਰੁੱਧ ਛੇੜਿਆ ਗਿਆ ਹੈ।ਉਨ੍ਹਾਂ ਕਿਹਾ ਕਿ ਕੋਈ ਵੀ ਲਹਿਰ ਲੋਕਾਂ ਦੇ ਸਹਿਯੋਗ ਨਾਲ ਹੀ ਸਫਲ ਹੁੰਦੀ ਹੈ। ਇਸੇ ਲਈ ਰਾਜ ਸਰਕਾਰ ਵੱਲੋਂ ਨਸ਼ਾ ਮੁਕਤੀ ਯਾਤਰਾ ਰਾਹੀਂ ਪਿੰਡ-ਪਿੰਡ ਜਾ ਕੇ ਨਸ਼ਾ ਮੁਕਤੀ ਮੁਹਿੰਮ ਵਿੱਚ ਲੋਕਾਂ ਦਾ ਸਾਥ ਲਿਆ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਨਸ਼ਾ ਛੁਡਾਊ ਕੇਂਦਰਾਂ ਵਿੱਚ ਨਸ਼ਾ ਪੀੜਤਾਂ ਦਾ ਇਲਾਜ ਮੁਫ਼ਤ ਕੀਤਾ ਜਾ ਰਿਹਾ ਹੈ।ਉਨ੍ਹਾਂ ਲੋਕਾਂ ਨੂੰ ਨਸ਼ੇ ਦੀ ਦਲਦਲ ਵਿੱਚ ਫਸੇ ਨੌਜਵਾਨਾਂ ਅਤੇ ਨਸ਼ੇ ਦੇ ਆਦੀ ਲੋਕਾਂ ਨੂੰ ਇਲਾਜ ਕਰਵਾਉਣ ਲਈ ਪ੍ਰੇਰਿਤ ਕਰਨ ਅਤੇ ਉਨ੍ਹਾਂ ਨੂੰ ਮੁੜ ਸਮਾਜ ਦੀ ਮੁੱਖ ਧਾਰਾ ਨਾਲ ਜੋੜਨ ਲਈ ਸੱਦਾ ਵੀ ਦਿੱਤਾ। ਚੇਅਰਮੈਨ ਸੇਖਵਾਂ ਨੇ ਨੌਜਵਾਨਾਂ ਨੂੰ ਕਿਹਾ ਕਿ ਨਸ਼ਿਆਂ ਤੋਂ ਦੂਰ ਰਹਿ ਕੇ

ਖੇਡਾਂ ਨਾਲ ਜੁੜਨ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ ਰਾਜ ਸਰਕਾਰ ਵੱਲੋਂ ਪਿੰਡਾਂ ਵਿੱਚ ਖੇਡ ਮੈਦਾਨ ਬਣਾਏ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਮਾਨ ਸਰਕਾਰ ਦਾ ਟੀਚਾ ਆਪਣੀ ਜਵਾਨੀ ਨੂੰ ਨਸ਼ਿਆਂ ਤੋਂ ਬਚਾ ਕੇ ਤੰਦਰੁਸਤ ਤੇ ਰੰਗਲਾ ਪੰਜਾਬ ਸਿਰਜਣ ਦਾ ਹੈ।ਜਾਗਰੂਕਤਾ ਸਭਾਵਾਂ ਦੌਰਾਨ ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਨਸ਼ਿਆਂ ਦੀ ਰੋਕਥਾਮ ਲਈ ਸਹੁੰ ਵੀ ਚੁਕਵਾਈ।ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਪੰਚਾਂ-ਸਰਪੰਚਾਂ ਤੋਂ ਇਲਾਵਾ ਇਲਾਕੇ ਦੇ ਮੁਹਤਬਰ ਵੀ ਹਾਜ਼ਰ ਸਨ।

ਬਾਬਾ ਬੰਦਾ ਸਿੰਘ ਬਹਾਦਰ ਸਕੂਲ ਦੇ ਵਿਦਿਆਰਥੀ ਸ਼ੌਰਿਆ ਚੱਕਰ ਪ੍ਰਾਪਤ ਮੇਜਰ ਤ੍ਰਿਪਤਪ੍ਰੀਤ ਸਿੰਘ ਦਾ ਸਨਮਾਨ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਦੇ ਪੁਰਾਣੇ ਹੋਣਹਾਰ ਵਿਦਿਆਰਥੀ ਮੇਜਰ ਤ੍ਰਿਪਤਪ੍ਰੀਤ ਸਿੰਘ ਦਾ ਸ਼ੌਰਿਆ ਚੱਕਰ ਐਵਾਰਡ ਪ੍ਰਾਪਤ ਕਰਨ 'ਤੇ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਕਰਨ ਲਈ ਸਕੂਲ ਦੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰਸੀਪਲ ਕਿਰਨ ਕੇਸਰ ਦੀ ਅਗਵਾਈ ਹੇਠ ਸਮਾਗਮ ਅਯੋਜਿਤ ਕੀਤਾ ਗਿਆ। ਸਕੂਲ ਦੇ ਡਾਇਰੈਕਟਰ ਅਮਰਜੀਤ ਸਿੰਘ, ਸਕੱਤਰ ਪਰਮਿੰਦਰ ਕੌਰ ਚਾਹਲ, ਪ੍ਰਿੰਸੀਪਲ ਕਿਰਨ ਕੇਸਰ ਅਤੇ ਸਮੂਹ ਅਧਿਆਪਕ ਅਤੇ ਵਿਦਿਆਰਥੀਆਂ ਵੱਲੋਂ ਮੁੱਖ ਮਹਿਮਾਨ ਮੇਜਰ ਤ੍ਰਿਪਤਪ੍ਰੀਤ ਸਿੰਘ ਪੱਡਾ ਦਾ ਸਕੂਲ ਪਹੁੰਚਣ 'ਤੇ ਹਾਰ ਪਾ ਕੇ ਅਤੇ ਬੈਂਡ ਨਾਲ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ।

ਪ੍ਰਿੰਸੀਪਲ ਕੇਸਰ ਨੇ ਕਿਹਾ ਕਿ ਇਸ ਸਕੂਲ ਦੇ ਵਿਦਿਆਰਥੀ ਮਿਆਰੀ ਵਿੱਦਿਆ ਪ੍ਰਾਪਤ ਕਰਕੇ ਜੀਵਨ ਵਿੱਚ ਸਫਲਤਾ ਦੀਆਂ ਬੁਲੰਦੀਆਂ ਨੂੰ ਛੂਹ ਰਹੇ ਹਨ। ਇਸ ਦੀ ਤਾਜ਼ਾ ਉਦਾਹਰਣ ਹੈ ਮੇਜਰ ਤ੍ਰਿਪਤਪ੍ਰੀਤ ਸਿੰਘ ਪੱਡਾ। ਸਨਮਾਨ ਸਮਾਗਮ ਵਿੱਚ ਮੁੱਖ ਮਹਿਮਾਨ ਮੇਜਰ ਤ੍ਰਿਪਤਪ੍ਰੀਤ ਸਿੰਘ ਪੱਡਾ ਦੇ ਨਾਲ ਪਰਿਵਾਰਕ ਮੈਂਬਰਾਂ ਵਿੱਚ ਉਨ੍ਹਾਂ ਦੀ ਪਤਨੀ ਸੀਰਤ ਕੌਰ, ਪਿਤਾ ਹਰਦਿਆਲ ਸਿੰਘ, ਮਾਤਾ ਦਲਜੀਤ ਕੌਰ, ਦਾਦੀ ਗੁਰਮੀਤ ਕੌਰ, ਦਾਦਾ ਰਤਨ ਸਿੰਘ ਪੱਡਾ, ਚਾਚਾ ਰੂਪ ਸਿੰਘ ਪੱਡਾ, ਭਰਾ ਹਰਪਾਲ ਸਿੰਘ, ਪੁੱਤਰੀ ਸਰਗੁਣ,

ਭੂਆ ਦਲਬੀਰ ਕੌਰ, ਤਾਈ ਬਲਵਿੰਦਰ ਕੌਰ ਸ਼ਾਮਲ ਸਨ। ਇਨ੍ਹਾਂ ਤੋਂ ਇਲਾਵਾ ਸਾਬਕਾ ਐੱਸਪੀ ਚਰਨ ਸਿੰਘ, ਗੁਰਦੀਪ ਸਿੰਘ ਭੰਡਾਲ, ਦਲਵਿੰਦਰ ਸਿੰਘ ਬਾਜਵਾ, ਪ੍ਰਿੰਸੀਪਲ ਸੰਤੋਖ ਰਾਜ ਸੁਚੈਨੀਆ, ਸਤਨਾਮ ਸਿੰਘ ਸਰਪੰਚ ਸੁਚੈਨੀਆ, ਡਾਕਟਰ ਕਵਲਜੀਤ ਸਿੰਘ ਕੇ ਜੇ, ਨਰਿੰਦਰ ਕੁਮਾਰ ਮੈਂਬਰ ਪੀਟੀ ਐਸੋਸੀਏਸ਼ਨ, ਹਰਪਾਲ ਸਿੰਘ ਸਰਪੰਚ, ਅਜੈਬ ਸਿੰਘ ਚਾਹਲ, ਗੁਰਦੇਵ ਸਿੰਘ ਭੰਡਾਲ, ਬਲਰਾਜ ਕੁਮਾਰ ਸਰਪੰਚ ਬੜੋਏ, ਪ੍ਰਿੰਸੀਪਲ ਪ੍ਰੇਮਨਾਥ ਸ਼ਰਮਾ, ਪ੍ਰਿੰਸੀਪਲ ਸੁਦਰਸ਼ਨ ਕੁਮਾਰ ਮਹਾਜਨ, ਈਟੀਓ ਸੁਸ਼ੀਲ ਕੁਮਾਰ, ਕਮਲਾ ਦੇਵੀ ਰਿਟਾਇਰਡ ਐਜੂਕੇਟਰ, ਸੰਜੀਵ ਬੇਦੀ, ਰਾਕੇਸ਼ ਸ਼ਰਮਾ, ਮਾਸਟਰ ਮੋਹਨ ਲਾਲ, ਬਾਬਾ ਪਰਮਜੀਤ ਸਿੰਘ ਗਤਕਾ ਕੋਚ, ਬਲਵਿੰਦਰ ਸਿੰਘ ਚਾਹਲ ਖਾਨਮਲਕ, ਬਲਵਿੰਦਰ ਕੁਮਾਰ ਪਠਾਨਕੋਟ ਆਦਿ ਪਤਵੰਤੇ ਵੀ ਸਮਾਗਮ 'ਚ ਸ਼ਾਮਲ ਹੋਏ। ਸਕੂਲ ਦੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਨੇ ਮੇਜਰ ਤ੍ਰਿਪਤਪ੍ਰੀਤ ਸਿੰਘ ਨੂੰ ਇਸ ਸਫਲਤਾ ਲਈ ਮੁਬਾਰਕਬਾਦ ਦਿੱਤੀ ਅਤੇ ਸਕੂਲ ਦੇ ਸਮੂਹ ਵਿਦਿਆਰਥੀਆਂ ਨੂੰ ਉਨਾਂ ਦੇ ਪਾਏ ਹੋਏ ਪੂਰਨਿਆਂ 'ਤੇ ਚੱਲ ਕੇ ਆਪਣੇ ਜੀਵਨ ਵਿੱਚ ਬੁਲੰਦੀਆਂ ਛੂਹਣ ਲਈ ਪ੍ਰੇਰਿਤ ਕੀਤਾ। ਅੰਤ ਵਿੱਚ ਸਕੂਲ ਪ੍ਰਬੰਧਕਾਂ ਅਤੇ ਪ੍ਰਿੰਸੀਪਲ ਕਿਰਨ ਕੇਸਰ ਦੁਆਰਾ ਆਏ ਹੋਏ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ, ਟੋਕਨ ਆਫ ਲਵ, ਸਕੂਲ ਦੀ ਮੈਗਜ਼ੀਨ ਡਰੀਮ ਸਟਰੀਮ ਅਤੇ ਸਿਰੋਪਾਓ ਭੇਟ ਕਰਕੇ ਕਰਕੇ ਸਨਮਾਨਿਤ ਕੀਤਾ ਗਿਆ।

ਸਿੱਖ ਵਿਦਵਾਨ ਡਾ. ਰਤਨ ਸਿੰਘ ਜੱਗੀ ਦੇ ਵੱਡਮੁੱਲੇ ਯੋਗਦਾਨ ਨੂੰ ਕੀਤਾ ਯਾਦ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਚੀਫ਼ ਖ਼ਾਲਸਾ ਦੀਵਾਨ ਵੱਲੋਂ ਪਦਮਸ਼੍ਰੀ ਉੱਘੇ ਸਿੱਖ ਵਿਦਵਾਨ ਅਤੇ ਸਾਹਿਤਕਾਰ ਡਾ. ਰਤਨ ਸਿੰਘ ਜੱਗੀ ਦੇ ਦਿਹਾਂਤ ਤੇ ਗਹਿਰੇ ਦੁੱਖ ਅਤੇ ਅਫਸੋਸ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਵੱਲੋਂ ਸਾਹਿਤ ਜਗਤ ਨੂੰ ਦਿੱਤੇ ਵੱਡਮੁੱਲੇ ਯੋਗਦਾਨ ਨੂੰ ਯਾਦ ਕੀਤਾ ਗਿਆ।ਜਾਰੀ ਬਿਆਨ ਵਿਚ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਨੇ ਕਿਹਾ ਕਿ ਪੰਜਾਬੀ ਅਤੇ ਹਿੰਦੀ ਸਾਹਿਤ ਵਿਚ ਨਿਵੇਕਲੀ ਪਹਿਚਾਣ ਬਣਾਉਣ ਵਾਲੇ ਡਾ. ਰਤਨ ਸਿੰਘ ਜੱਗੀ ਦਾ ਸਦੀਵੀ ਵਿਛੋੜਾ ਦੇ ਜਾਣਾ ਸਾਹਿਤਕ, ਅਕਾਦਮਿਕ ਅਤੇ ਧਾਰਮਿਕ ਜਗਤ ਲਈ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਹੈ।

ਉਨ੍ਹਾਂ ਨੇ ਕਿਹਾ ਕਿ ਡਾ. ਜੱਗੀ ਆਪਣੀਆਂ ਲਿਖਤਾਂ ਦੇ ਰੂਪ ਵਿਚ ਸਾਹਿਤ ਦਾ ਇਕ ਅਨਮੋਲ ਖਜ਼ਾਨਾ ਛੱਡ ਗਏ ਹਨ ਜੋ ਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਹਮੇਸ਼ਾ ਪ੍ਰੇਰਨਾ ਸਰੋਤ ਰਹੇਗਾ ਅਤੇ ਉਹ ਆਪਣੀ ਵਿੱਦਿਆ, ਲਿਖਤਾਂ ਅਤੇ ਰਚਨਾਵਾਂ ਦੀ ਵਿਰਾਸਤ ਰਾਹੀਂ ਹਮੇਸ਼ਾ ਜਿਊਂਦੇ ਰਹਿਣਗੇ।ਚੀਫ਼ ਖ਼ਾਲਸਾ ਦੀਵਾਨ ਦੇ ਸਮੂਹ ਅਹੁਦੇਦਾਰਾਂ ਨੇ ਡਾ. ਰਤਨ ਸਿੰਘ ਜੱਗੀ ਨੂੰ ਨਿੱਘੀਆਂ ਸ਼ਰਧਾਂਜਲੀਆਂ ਦਿੰਦਿਆਂ ਅਕਾਲ ਪੁਰਖ ਅੱਗੇ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਪਿਛੋਂ ਪਰਿਵਾਰ ਅਤੇ ਸਾਹਿਤ ਪ੍ਰੇਮੀਆਂ ਤੇ ਸਨੇਹੀਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਦੀ ਅਰਦਾਸ ਕੀਤੀ।

'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਡੇਰਾ ਬਾਬਾ ਨਾਨਕ 'ਚ ਸੈਮੀਨਾਰ

ਬਟਾਲਾ (ਡਾ. ਮਲਵਿੰਦਰ ਸਿੰਘ)-ਸੁਹੇਲ ਕਾਸਿਮ ਮੀਰ ਐੱਸ ਐੱਸ ਪੀ ਬਟਾਲਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਬਟਾਲਾ ਪੁਲਸ ਦੇ ਸਾਂਝ ਸਟਾਫ਼ ਵਲੋਂ ਸੀ ਪਾਈਟ ਕੈਂਪ ਡੇਰਾ ਬਾਬਾ ਨਾਨਕ ਵਿੱਚ 'ਯੁੱਧ ਨਸ਼ਿਆਂ ਵਿਰੁੱਧ ' ਮੁਹਿੰਮ ਤਹਿਤ ਸੈਮੀਨਾਰ ਲਗਾਇਆ ਗਿਆ, ਜਿਸ ਵਿੱਚ ਸੀ-ਪਾਈਟ ਕੈਂਪ ਦੇ ਵਿਦਿਆਰਥੀਆ ਨੂੰ ਨਸ਼ੇ ਦੇ ਬੁਰੇ ਪ੍ਰਭਾਵਾਂ ਤੋਂ ਜਾਣੂ ਕਰਵਾਇਆ ਗਿਆ ਅਤੇ ਪੁਲਸ ਹੈਲਪ ਲਾਈਨ ਨੰਬਰ 112 ਅਤੇ 1930 ਨੰਬਰਾਂ ਬਾਰੇ ਆਨਲਾਈਨ ਫਰਾਡ ਸਬੰਧੀ ਜਾਗਰੂਕ ਕੀਤਾ ਗਿਆ।ਇਸ ਮੌਕੇ ਗੱਲ ਕਰਦਿਆਂ ਜਸਵੰਤ ਕੌਰ, ਐੱਸ. ਪੀ. (ਐੱਚ) ਬਟਾਲਾ ਨੇ ਦੱਸਿਆ ਕਿ ਬਟਾਲਾ ਪੁਲਸ ਵਲੋਂ ਵੱਖ-ਵੱਖ ਸਮਾਗਮਾਂ ਦੌਰਾਨ ਲੋਕਾਂ ਨੂੰ ਨਸ਼ਿਆਂ ਦੇ ਦੁਰਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ, ਜਿਸ ਦੇ ਚੱਲਦਿਆਂ ਸੀ-ਪਾਈਟ ਕੈਂਪ ਦੇ ਵਿਦਿਆਰਥੀਆ ਨੂੰ ਨਸ਼ੇ ਦੇ ਬੁਰੇ ਪ੍ਰਭਾਵਾਂ ਤੋਂ ਜਾਣੂ ਕਰਵਾਇਆ ਗਿਆ।ਉਨ੍ਹਾਂ ਕਿਹਾ ਕਿ ਜਿਹੜੇ ਵੀ ਵਿਅਕਤੀ ਗੁੰਮਰਾਹ ਹੋ ਕੇ ਨਸ਼ਿਆਂ ਦੇ ਰੋਗ ਦਾ ਸ਼ਿਕਾਰ ਹੋ ਗਏ ਹਨ ਉਨ੍ਹਾਂ ਦਾ ਇਲਾਜ ਸੰਭਵ ਹੈ ਅਤੇ ਅਜਿਹੇ ਲੋਕਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਸਰਕਾਰੀ ਨਸ਼ਾ ਮੁਕਤੀ ਕੇਂਦਰ ਵਿਚ ਦਾਖਲ ਕਰਵਾਇਆ ਜਾਵੇ।ਉਨ੍ਹਾਂ ਅੱਗੇ ਕਿਹਾ ਕਿ ਪੁਲਸ ਵਿਭਾਗ ਵੱਲੋਂ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਦੇ ਮੰਤਵ ਨਾਲ ਵੱਧ ਤੋਂ ਵੱਧ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ ਅਤੇ ਨਸ਼ਿਆਂ ਵਿਰੁੱਧ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਐਥਲੈਟਿਕਸ ਮੀਟ ਕਰਵਾਈ ਗਈ ਸੀ, ਜਿਸ ਵਿੱਚ ਖਿਡਾਰੀਆਂ ਨੇ ਪੂਰੇ ਉਤਸ਼ਾਹ ਨਾਲ ਹਿੱਸਾ ਲਿਆ ਸੀ।

ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਵੱਲੋਂ ਜਲੰਧਰ 'ਚ ਸੂਬਾ ਪੱਧਰੀ ਕਨਵੈਨਸ਼ਨ ਭਲਕੇ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਦੱਖਣੀ ਏਸ਼ੀਆ ਵਿੱਚ ਜੰਗ ਨਹੀਂ ਅਮਨ ਦਾ ਮਾਹੌਲ ਸਥਾਪਿਤ ਕਰਨ ਦੇ ਸਵਾਲ ਨੂੰ ਲੈ ਕੇ ਸੀਪੀਆਈ ਐੱਮ ਐੱਲ ਲਿਬਰੇਸ਼ਨ 4 ਜੂਨ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿੱਚ ਸੂਬਾ ਪੱਧਰੀ ਕਨਵੈਨਸ਼ਨ ਕਰੇਗੀ ਜਿਸ ਕਨਵੈਨਸ਼ਨ ਦੇ ਮੁੱਖ ਬੁਲਾਰੇ ਲਿਬਰੇਸ਼ਨ ਦੇ ਜਨਰਲ ਸਕੱਤਰ ਦਪਿੰਕਰ ਭੱਟਾਚਾਰੀਆ ਹੋਣਗੇ।ਕਨਵੈਨਸ਼ਨ ਵਿੱਚ ਆਰ ਐੱਮ ਪੀ ਆਈ ਦੇ ਜਨਰਲ ਸਕੱਤਰ ਮੰਗਤ ਰਾਮ ਪਾਸਲਾ ਅਤੇ ਉੱਘੇ ਪੱਤਰਕਾਰ ਸਤਨਾਮ ਮਾਣਕ ਵੀ ਸ਼ਿਰਕਤ ਕਰਨਗੇ।ਇਸ ਬਾਬਤ ਜਾਣਕਾਰੀ ਸਾਂਝੀ ਕਰਦਿਆਂ ਲਿਬਰੇਸ਼ਨ ਦੇ ਸੂਬਾ ਸਕੱਤਰ

ਗੁਰਮੀਤ ਸਿੰਘ ਬਖਤਪੁਰਾ ਨੇ ਕਿਹਾ ਕਿ ਭਾਵੇਂ 10 ਮਈ ਤੋਂ ਪਾਕਿਸਤਾਨ ਅਤੇ ਹਿੰਦੁਸਤਾਨ ਦੀ ਜੰਗ ਰੁਕ ਚੁੱਕੀ ਹੈ ਪਰ ਇਸਦੇ ਬਾਵਜੂਦ ਵੀ ਦੋਵੇਂ ਦੇਸ਼ਾਂ ਦੀਆਂ ਸਰਕਾਰਾਂ ਲਗਾਤਾਰ ਜੰਗ ਵਿੱਚ ਆਪਣੀ ਬਹਾਦਰੀ ਦਾ ਗੁਣਗਾਨ ਕਰਨ ਦੀ ਰਾਜਨੀਤੀ ਕਰ ਰਹੀਆ ਹਨ ਜਦੋਂਕਿ ਭਾਰਤ ਨੂੰ ਹਰ ਪੱਖੋਂ ਇਸ ਖਿੱਤੇ ਦਾ ਇੱਕ ਵੱਡਾ ਦੇਸ਼ ਹੋਣ ਦੇ ਨਾਤੇ ਇਸ ਸੱਚ ਅਤੇ ਜ਼ਿੰਮੇਵਾਰੀ ਨੂੰ ਸਮਝਣਾ ਚਾਹੀਦਾ ਕਿ ਦੋਨੋਂ ਦੇਸ਼ ਐਟਮੀ ਸ਼ਕਤੀਆਂ ਹਨ ਅਤੇ ਐਟਮੀ ਦੇਸ਼ਾਂ ਦਰਮਿਆਨ ਜੰਗ ਦੀ ਰਾਜਨੀਤੀ ਕਰਨਾ ਖਿੱਤੇ ਦੀ ਜਨਤਾ ਵਿਰੁੱਧ ਅਤੇ ਸਮੁੱਚੇ ਤੌਰ ਤੇ ਘਿਨਾਉਣਾ ਅਪਰਾਧ ਹੈ।ਲੋੜ ਇਸ ਗੱਲ ਦੀ ਹੈ ਕਿ ਦੋਵੇਂ ਦੇਸ਼ ਜੰਗ ਦਾ ਮਾਹੌਲ ਖਤਮ ਕਰਨ ਲਈ ਮਿਲ ਬੈਠ ਕੇ 22 ਅਪ੍ਰੈਲ ਤੋਂ ਪਹਿਲਾਂ ਵਾਲੀ ਰਾਜਨੀਤਿਕ ਸਥਿਤੀ ਬਹਾਲ ਕਰਨ ਅਤੇ ਇਸ ਖਿੱਤੇ ਲਈ ਆਰਥਿਕ ਵਿਕਾਸ ਸੰਘ ਬਣਾ ਕੇ ਜਨਤਾ ਦੀਆ ਮੁੱਢਲੀਆਂ ਲੋੜਾਂ ਦੀ ਪੂਰਤੀ ਲਈ ਕੰਮ ਕੀਤਾ ਜਾਵੇ।ਲਿਬਰੇਸ਼ਨ ਨੇ ਬੁੱਧੀਜੀਵੀ ਵਰਗ ਨੂੰ ਕਨਵੈਨਸ਼ਨ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ।

ਚੇਅਰਮੈਨ ਰਮਨ ਬਹਿਲ ਦੇ ਸੁਹਿਰਦ ਯਤਨਾਂ ਸਦਕਾ ਅੰਮ੍ਰਿਤ-2 ਸਕੀਮ ਮਨਜ਼ੂਰ

* ਸਰਕਾਰ ਵੱਲੋਂ ਇਸ ਜਲ ਸਪਲਾਈ ਸਕੀਮ ਉੱਪਰ 23.45 ਕਰੋੜ ਰੁਪਏ ਖਰਚੇ ਜਾਣਗੇ

ਗੁਰਦਾਸਪੁਰ, (ਦਿਨੇਸ਼ ਕੁਮਾਰ)-ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਵੱਲੋਂ ਗੁਰਦਾਸਪੁਰ ਹਲਕੇ ਦੇ ਸਰਬਪੱਖੀ ਵਿਕਾਸ ਦੇ ਇਥੋਂ ਦੇ ਵਸਨੀਕਾਂ ਨੂੰ ਸੁੱਖ-ਸਹੂਲਤਾਂ ਦੇਣ ਲਈ ਉਪਰਾਲੇ ਲਗਾਤਾਰ ਜਾਰੀ ਹਨ।ਇਨ੍ਹਾਂ ਯਤਨਾਂ ਸਦਕਾ ਹੀ ਚੇਅਰਮੈਨ ਬਹਿਲ ਵੱਲੋਂ ਪੰਜਾਬ ਸਰਕਾਰ ਕੋਲੋਂ ਗੁਰਦਾਸਪੁਰ ਸ਼ਹਿਰ ਦੇ ਸੀਵਰੇਜ ਤੋਂ ਵਾਂਝੇ ਇਲਾਕਿਆਂ ਵਿੱਚ ਨਵਾਂ ਸੀਵਰੇਜ ਪਵਾਉਣ ਲਈ 10 ਕਰੋੜ ਰੁਪਏ ਅਰਬਨ ਇਨਫਰਾਸਟਰਕਚਰ ਡਿਵੈਲਪਮੈਂਟ ਫੰਡ ਵਿਚੋਂ ਮਨਜ਼ੂਰ ਕਰਵਾ ਲਏ ਹਨ। ਚੇਅਰਮੈਨ ਬਹਿਲ ਨੇ ਕਿਹਾ ਕਿ ਇਸ ਮਹੀਨੇ ਨਵੇਂ ਸੀਵਰੇਜ ਪਾਉਣ ਲਈ ਟੈਂਡਰ ਲੱਗ ਜਾਵੇਗਾ ਜੋ 21 ਦਿਨਾਂ ਬਾਅਦ ਖੁੱਲ੍ਹ ਜਾਵੇਗਾ। ਉਨ੍ਹਾਂ ਕਿਹਾ ਕਿ ਅਗਲੇ ਮਹੀਨੇ ਜੁਲਾਈ ਵਿੱਚ ਸੀਵਰੇਜ ਲਾਈਨਾਂ ਵਿਛਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ।ਅਗਲੇ ਪੜਾਅ ਤਹਿਤ ਗੁਰਦਾਸਪੁਰ ਸ਼ਹਿਰ ਦੇ ਹੋਰ ਰਹਿੰਦੇ ਇਲਾਕਿਆਂ ਵਿੱਚ ਵੀ ਸੀਵਰੇਜ ਪਾਇਆ ਜਾਵੇਗਾ।ਉਨ੍ਹਾਂ ਇੱਕ ਹੋਰ ਖੁਸ਼ਖਬਰੀ ਸਾਂਝੀ ਕਰਦਿਆਂ ਦੱਸਿਆ ਕਿ ਉਨ੍ਹਾਂ ਨੇ ਸਰਕਾਰ ਕੋਲੋਂ ਗੁਰਦਾਸਪੁਰ ਸ਼ਹਿਰ ਲਈ ਅੰਮ੍ਰਿਤ-2 ਸਕੀਮ ਵੀ ਮਨਜ਼ੂਰ ਕਰਵਾ ਲਈ ਹੈ, ਜਿਸ ਤਹਿਤ 36

ਮੋਦੀ ਸਰਕਾਰ ਦੀਆਂ ਸੰਵਿਧਾਨ ਵਿਰੋਧੀ ਨੀਤੀਆਂ ਖਿਲਾਫ 'ਸੰਵਿਧਾਨ ਬਚਾਓ' ਰੈਲੀ

ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)

ਕਾਂਗਰਸ ਪਾਰਟੀ ਵਲੋਂ ਐਤਵਾਰ ਭਾਜਪਾ, ਆਰ.ਐਸ.ਐਸ. ਅਤੇ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਦੀਆਂ ਸੰਵਿਧਾਨ ਵਿਰੋਧੀ ਨੀਤੀਆਂ ਖਿਲਾਫ ਸਥਾਨਕ ਕੇ.ਜੀ. ਰਿਜ਼ੋਰਟ 'ਚ 'ਸੰਵਿਧਾਨ ਬਚਾਓ' ਰੈਲੀ ਦਾ ਆਯੋਜਨ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਸਿੰਘ ਧਾਲੀਵਾਲ ਐਮ.ਐਲ.ਏ. ਫਗਵਾੜਾ ਦੀ ਅਗਵਾਈ ਹੇਠ ਕੀਤਾ ਗਿਆ। ਜਿਸ ਵਿਚ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਮੈਂਬਰ ਪਾਰਲੀਮੈਂਟ ਲੁਧਿਆਣਾ ਮੁੱਖ ਬੁਲਾਰੇ ਵਜੋਂ ਸ਼ਾਮਲ ਹੋਏ। ਉਹਨਾਂ ਤੋਂ ਇਲਾਵਾ ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ, ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ, ਸੀਨੀਅਰ ਆਗੂ ਸੁਖਪਾਲ ਸਿੰਘ ਖਹਿਰਾ, ਸਾਬਕਾ ਵਿਧਾਇਕ ਪਵਨ ਆਦੀਆ, ਸਾਬਕਾ ਵਿਧਾਇਕ ਨਵਤੇਜ ਸਿੰਘ ਚੀਮਾ ਨੇ ਵੀ ਉਚੇਰੇ ਤੌਰ 'ਤੇ ਸ਼ਿਰਕਤ ਕੀਤੀ। ਰਾਜਾ ਵੜਿੰਗ ਅਤੇ ਹੋਰਨਾਂ ਨੇ ਆਰ.ਐਸ.ਐਸ. ਅਤੇ ਉਸ ਦੀ ਸਿਆਸੀ ਜਮਾਤ ਭਾਜਪਾ 'ਤੇ ਵਰ੍ਹਦਿਆਂ ਕਿਹਾ ਕਿ ਦੇਸ਼ ਦੀ ਬਦਕਿਸਮਤੀ ਹੈ ਕਿ ਪਿਛਲੇ 11 ਸਾਲ ਤੋਂ ਇਕ ਅਜਿਹੀ ਜਮਾਤ ਨਰਿੰਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਦੀ ਸੱਤਾ 'ਤੇ ਕਾਬਜ਼ ਹੈ, ਜਿਸ ਦਾ ਭਾਰਤੀ ਸੰਵਿਧਾਨ 'ਚ ਬਿਲਕੁਲ ਵਿਸ਼ਵਾਸ ਨਹੀਂ । ਉਹਨਾਂ ਕਿਹਾ ਕਿ ਭਾਜਪਾ ਨੇ ਦਿੱਲੀ 'ਚ ਹਿੰਦੂ ਕੋਡ ਬਿਲ ਵਿਰੁੱਧ ਪ੍ਰਦਰਸ਼ਨ ਕਰਕੇ ਆਜ਼ਾਦੀ ਦੇ ਤੁਰੰਤ ਬਾਅਦ ਆਪਣੇ ਸੰਵਿਧਾਨ ਵਿਰੋਧੀ ਹੋਣ ਦਾ ਸਬੂਤ ਪੇਸ਼ ਕਰ ਦਿੱਤਾ ਸੀ। ਭਾਜਪਾ ਤੇ ਆਰ.ਐਸ.ਐਸ. ਨੇ ਆਜ਼ਾਦੀ ਦੇ ਪੰਜਾਹ ਸਾਲ ਤੱਕ ਭਾਰਤੀ ਸੰਵਿਧਾਨ ਨੂੰ ਨਹੀਂ ਮੰਨਿਆ ਅਤੇ ਇਸ ਦੇ ਆਗੂ ਭਾਰਤੀ ਸੰਵਿਧਾਨ ਨੂੰ ਵਿਦੇਸ਼ ਤੋਂ ਚੋਰੀ ਕੀਤਾ ਸੰਵਿਧਾਨ ਦੱਸਦੇ ਸਨ। ਜ਼ਿਲ੍ਹਾ ਪ੍ਰਧਾਨ ਬਲਵਿੰਦਰ ਸਿੰਘ ਧਾਲੀਵਾਲ ਸਮੇਤ ਸਮੂਹ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਆਰ.ਐਸ.ਐਸ. ਦੇ ਸੰਘ ਚਾਲਕ ਮੋਹਨ ਭਾਗਵਤ ਵਲੋਂ ਸਾਲ 2015 'ਚ ਰਾਖਵਾਂਕਰਨ ਖਤਮ ਕਰਨ ਦਾ ਬਿਆਨ ਦਿੱਤਾ ਗਿਆ। ਸਾਲ 2018 'ਚ ਕੇਂਦਰ ਦੇ ਐਟਰੋਸਿਟੀ ਐਕਟ ਖਤਮ ਕਰਨ ਦੇ ਬਿਆਨ ਖਿਲਾਫ ਸਮੁੱਚੇ ਐਸ.ਸੀ. ਸਮਾਜ ਨੇ ਭਾਰਤ ਬੰਦ ਦਾ ਸੱਦਾ ਦਿੱਤਾ। ਇੱਥੋਂ ਤੱਕ ਕਿ ਭਾਜਪਾ ਵਲੋਂ ਭਾਰਤੀ ਸੰਵਿਧਾਨ ਨੂੰ ਸਾੜਨ ਦੀ ਗੱਲ ਵੀ ਆਖੀ ਗਈ। ਜਾਤੀ ਜਨਗਣਨਾ ਲਈ ਵੀ ਮੋਦੀ ਸਰਕਾਰ ਨੇ ਰਾਹੁਲ ਗਾਂਧੀ ਦੇ ਦਬਾਅ ਹੇਠ ਹਾਮੀ ਭਰੀ ਹੈ। ਉਹਨਾਂ ਕਿਹਾ ਕਿ ਜੇਕਰ ਦੇਸ਼ ਅਤੇ ਸੰਵਿਧਾਨ ਨੂੰ ਬਚਾਉਣਾ ਹੈ ਤਾਂ ਭਾਜਪਾ-ਆਰ.ਐਸ.ਐਸ. ਖਿਲਾਫ ਸਾਰੇ ਦੇਸ਼ ਨੂੰ ਇਕਜੁੱਟ ਹੋਣਾ ਪਵੇਗਾ। ਇਸ ਮੌਕੇ ਸੁਰਿੰਦਰ ਸ਼ਰਮਾ ਪ੍ਰਧਾਨ ਇੰਟਕ ਪੰਜਾਬ, ਐਡਵੋਕੇਟ ਰੋਹਿਤ ਜੋਸ਼ੀ ਹੁਸ਼ਿਆਰਪੁਰ, ਅੰਮ੍ਰਿਤ ਭੌਂਸਲੇ ਫਿਲੌਰ, ਕਮਲਜੀਤ ਬੰਗਾ ਤੋਂ ਇਲਾਵਾ ਜ਼ਿਲ੍ਹਾ ਕਪੂਰਥਲਾ ਕਾਂਗਰਸ ਦੇ ਸਮੂਹ ਸੌਲਾਂ ਦੇ ਆਗੂ ਅਤੇ ਵਰਕਰ ਵੱਡੀ ਗਿਣਤੀ 'ਚ ਹਾਜ਼ਰ ਸਨ।

ਬਾਬਾ ਸਾਹਿਬ ਦੇ ਬੁੱਤ ਦੀ ਪਿੰਡ ਨੰਗਲ ਵਿਖੇ ਮੁੜ ਬੇਅਦਬੀ

ਫਿਲੌਰ (ਨਿਰਮਲ)-ਨੇੜਲੇ ਪਿੰਡ ਨੰਗਲ ਦੇ ਮੁਖ ਗੇਟ ਕੋਲ ਲੱਗੇ ਬਾਬਾ ਸਾਹਿਬ ਡਾ. ਅੰਬੇਡਕਰ ਦੇ ਬੁੱਤ ਦੀ ਕਿਸੇ ਅਣਪਛਾਤੇ ਵਿਅਕਤੀ ਵਲੋਂ ਰਾਤ ਵੇਲੇ ਛੇੜਛਾੜ ਕੀਤੀ ਗਈ। ਸੀ.ਸੀ.ਟੀ.ਵੀ. ਕੈਮਰੇ 'ਚ ਦੇਖਿਆ ਗਿਆ ਕਿ ਇਕ ਅਣਪਛਾਤੇ ਵਿਅਕਤੀ ਵੱਲੋਂ ਬਾਬਾ ਸਾਹਿਬ ਦੇ ਚਿਹਰੇ 'ਤੇ ਕਾਲੇ ਰੰਗ ਦੀ ਸਪਰੇਅ ਕਰਦਾ ਨਜ਼ਰ ਆ ਰਿਹਾ ਹੈ ਅਤੇ ਬੁੱਤ ਦੇ ਪਿਛਲੇ ਪਾਸੇ ਐਸ.ਐਫ.ਜੇ. ਲਿਖਿਆ ਹੋਇਆ ਸੀ। ਜਿਸ ਦੀ ਜਾਣਕਾਰੀ ਮਿਲਣ 'ਤੇ ਕਿਸੇ ਨੇ ਬਾਬਾ ਸਾਹਿਬ ਦਾ ਚਿਹਰਾ ਸਾਫ਼ ਕਰ ਦਿੱਤਾ ਅਤੇ ਲਿਖੇ ਨਾਅਰਿਆਂ 'ਤੇ ਵੀ ਰੰਗ ਫੇਰ ਦਿੱਤਾ ਗਿਆ। ਬਾਬਾ ਸਾਹਿਬ ਦੇ ਬੁੱਤ ਨੇੜੇ ਸੜਕ ਦੇ ਦੂਸਰੇ ਪਾਸੇ ਸਰਕਾਰੀ ਸਕੂਲ ਦੀਆਂ ਕੰਧਾਂ 'ਤੇ ਵੀ ਕਾਲੇ ਰੰਗ ਦੇ ਸਪਰੇਅ ਨਾਲ ਐਸ.ਐਫ.ਜੇ. ਦੇ ਨਾਅਰੇ ਲਿਖੇ ਵੇਖਣ ਨੂੰ ਮਿਲੇ। ਜ਼ਿਕਰਯੋਗ ਹੈ ਕਿ ਇਹ ਦੂਸਰੀ ਘਟਨਾ ਹੈ ਇਸ ਤੋਂ ਪਹਿਲਾਂ 30 ਮਾਰਚ ਨੂੰ ਵੀ ਉਪਰੋਕਤ ਸਥਾਨ 'ਤੇ ਬਾਬਾ ਸਾਹਿਬ ਦੇ ਬੁੱਤ ਨਾਲ ਛੇੜਛਾੜ ਕੀਤੀ ਗਈ ਸੀ ਜਿਸ ਦੀ ਜ਼ਿੰਮੇਵਾਰੀ ਗੁਰਪਤਵੰਤ ਸਿੰਘ ਪੰਨੂ ਵੱਲੋਂ ਲਈ ਗਈ ਸੀ। ਜਿਸ ਦੇ ਦੋਸ਼ੀ ਪੁਲਸ ਨੇ ਕਾਬੂ ਕਰ ਲਏ ਸਨ। ਕਾਬਲੇ ਗੌਰ ਹੈ ਕਿ ਘਟਨਾ ਨਾਲ ਸੰਬੰਧਤ ਇਕ ਵੀਡੀਓ ਵੀ ਵਾਇਰਲ ਹੋ ਰਹੀ ਹੈ । ਥਾਣਾ ਫਿਲੌਰ ਵਿਖੇ ਐਫ.ਆਈ.ਆਰ 167 ਅਧੀਨ 299,113 ਬੀ.ਐਨ.ਐਸ ਤਹਿਤ ਕੁਝ ਅਣਪਛਾਤੇ ਅਤੇ ਗੁਰ ਪਤਵੰਤ ਸਿੰਘ ਪੰਨੂ ਵਿਰੁੱਧ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਭੋਗ 'ਤੇ ਵਿਸ਼ੇਸ਼ ਕਾਮਰੇਡ ਪ੍ਰਵੀਨ ਧਵਨ ਨੂੰ ਯਾਦ ਕਰਦਿਆਂ...

ਦ੍ਰਿੜ੍ਹ ਇਰਾਦੇ ਤੇ ਮਿਹਨਤ ਦੇ ਮੁਜੱਸਮੇ ਕਾਮਰੇਡ ਪ੍ਰਵੀਨ ਧਵਨ ਦਾ ਨਾਂਅ ਸਮਾਜ ਦੇ ਹਰ ਵਰਗ ਵੱਲੋਂ ਬਹੁਤ ਹੀ ਸਤਿਕਾਰ ਨਾਲ ਲਿਆ ਜਾਂਦਾ ਸੀ। ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਸਰਗਰਮ ਮੈਂਬਰ ਰਹਿੰਦਿਆਂ ਉਨ੍ਹਾ ਦੱਬੇ-ਕੁਚਲੇ ਅਤੇ ਗਰੀਬ ਲੋਕਾਂ ਦੀ ਜੋ ਸੇਵਾ ਕੀਤੀ, ਉਸ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਕਾਮਰੇਡ ਪ੍ਰਵੀਨ ਧਵਨ ਦੇ ਮੋਢਿਆਂ ਉੱਪਰ ਛੋਟੀ ਉਮਰ ਵਿੱਚ ਹੀ ਵੱਡੀਆਂ ਘਰੇਲੂ ਜ਼ਿੰਮੇਵਾਰੀਆਂ ਪੈ ਗਈਆਂ ਸਨ, ਪਰ ਉਸ ਦੇ ਬਾਵਜੂਦ ਉਨ੍ਹਾ ਸਮਾਜ ਸੇਵਾ ਨੂੰ ਆਪਣੀ ਜ਼ਿੰਦਗੀ ਦਾ ਅਹਿਮ ਅੰਗ ਬਣਾਇਆ ਹੋਇਆ ਸੀ। ਕਾਮਰੇਡ ਪ੍ਰਵੀਨ ਧਵਨ ਦਾ ਜਨਮ 2 ਫਰਵਰੀ 1960 ਨੂੰ ਪਿਤਾ ਵੇਦ ਪ੍ਰਕਾਸ਼ ਦੇ ਘਰ ਮਾਤਾ ਇੰਦਰਾ ਦੇਵੀ ਦੀ ਕੁੱਖੋਂ ਹੋਇਆ। ਜਦੋਂ ਪ੍ਰਵੀਨ ਧਵਨ ਨੇ ਅਜੇ ਜਵਾਨੀ ਵਿੱਚ ਪੈਰ ਹੀ ਧਰਿਆ ਸੀ ਤਾਂ 17 ਸਾਲਾਂ ਦੀ ਉਮਰ ਵਿੱਚ ਅਚਾਨਕ ਉਨ੍ਹਾ ਦੇ ਪਿਤਾ ਦਾ ਸਿਰ ਤੋਂ ਸਾਇਆ ਉੱਠ ਗਿਆ, ਜਿਸ ਕਾਰਨ ਪਰਵਾਰ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਉਨ੍ਹਾ ਦੇ ਸਿਰ 'ਤੇ ਆ ਪਈਆਂ। 1980 ਵਿੱਚ ਉਨ੍ਹਾ ਦਾ ਵਿਆਹ ਸ੍ਰੀਮਤੀ ਨੀਲਮ ਧਵਨ ਨਾਲ ਹੋਇਆ। ਕਾਮਰੇਡ ਪ੍ਰਵੀਨ ਧਵਨ ਘਰ ਤਿੰਨ ਪੁੱਤਰਾਂ ਸੁਸ਼ੀਲ ਧਵਨ ਰਿੰਕੂ, ਅਮਿਤ ਧਵਨ, ਰਾਜੀਵ ਧਵਨ ਅਤੇ ਇਕ ਧੀ ਸੋਨੀਆ ਨੇ ਜਨਮ ਲਿਆ। ਜਿਨ੍ਹਾਂ ਨੂੰ ਉਨ੍ਹਾ ਚੰਗੀ ਦੁਨਿਆਵੀ ਸਿੱਖਿਆ ਦੇ ਕੇ ਉਨ੍ਹਾਂ ਦੀਆਂ ਸ਼ਾਦੀਆਂ ਚੰਗੇ ਪਰਵਾਰਾਂ ਵਿੱਚ ਕੀਤੀਆਂ। ਅਚਾਨਕ 25-11-2016 ਨੂੰ ਉਨ੍ਹਾ ਦੀ ਧਰਮ ਪਤਨੀ ਉਨ੍ਹਾ ਨੂੰ ਸਦੀਵੀ ਵਿਛੋੜਾ ਦੇ ਗਏ। ਜੇਕਰ ਉਨ੍ਹਾ ਦੇ ਸਿਆਸੀ ਜੀਵਨ ਦੀ ਗੱਲ ਕਰੀਏ ਤਾਂ ਕਾਮਰੇਡ ਪ੍ਰਵੀਨ ਧਵਨ, ਜੋ ਕਿ ਹਿੰਦ ਕਮਿਊਨਿਸਟ ਪਾਰਟੀ ਮਾਰਕਸਵਾਦੀ ਦੇ ਜ਼ਿਲ੍ਹਾ ਕਮੇਟੀ ਮੈਂਬਰ ਸਨ ਤੇ ਨੌਂ ਸਾਲ ਤੋਂ ਤਹਿਸੀਲ ਸੈਕਟਰੀ ਦੇ ਤੌਰ 'ਤੇ ਸੇਵਾਵਾਂ ਨਿਭਾ ਰਹੇ ਸਨ। ਪ੍ਰਵੀਨ ਧਵਨ ਨੇ 1985 ਵਿੱਚ ਡੀ ਵਾਈ ਐੱਫ ਆਈ ਦੇ ਤੌਰ 'ਤੇ ਜ਼ਿਲ੍ਹਾ ਸੈਕਟਰੀ ਕੰਮ ਕੀਤਾ। 1988 ਵਿੱਚ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੇ ਸਰਗਰਮ ਮੈਂਬਰ ਰਹੇ। ਆਪ ਨੇ 1992 ਵਿੱਚ ਸੀ ਪੀ ਆਈ ਐੱਮ ਵੱਲੋਂ ਵਿਧਾਨ ਸਭਾ ਹਲਕਾ ਮੋਗਾ ਤੋਂ ਆਪਣੀ ਉਮੀਦਵਾਰ ਨਾਮਜਦਗੀ ਭਰੀ, ਪਰ ਉਸ ਸਮੇਂ ਚੋਣਾਂ ਰੱਦ ਹੋ ਗਈਆਂ। ਬੀਤੀ 21 ਮਈ ਨੂੰ ਉਹ ਅਚਨਚੇਤ ਦਿਲ ਦਾ ਦੌਰਾ ਪੈਣ ਕਾਰਨ ਸਦੀਵੀ ਵਿਛੋੜਾ ਦੇ ਗਏ। ਉਹਨਾ ਦੇ ਜਾਣ ਨਾਲ ਜਿੱਥੇ ਧਵਨ ਪਰਵਾਰ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ, ਉਥੇ ਪਾਰਟੀ ਨੂੰ ਵੀ ਇੱਕ ਸਰਗਰਮ ਆਗੂ ਦੀ ਕਮੀ ਮਹਿਸੂਸ ਹੁੰਦੀ ਰਹੇਗੀ।

ਕਾਮਰੇਡ ਪ੍ਰਵੀਨ ਧਵਨ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ੍ਰੀ ਗਰੁੜ ਪੁਰਾਣ ਦੇ ਪਾਠ ਦਾ ਭੋਗ 3 ਜੂਨ (ਮੰਗਲਵਾਰ) ਨੂੰ ਦੁਪਹਿਰ 1:00 ਵਜੇ ਤੋਂ 2:00 ਵਜੇ ਤੱਕ ਚੋਖਾ ਪੈਲੇਸ, ਗੇਟ ਨੰ. 2 ਮੋਗਾ ਵਿਖੇ ਪਵੇਗਾ।

—ਇਕਬਾਲ ਸਿੰਘ ਖਹਿਰਾ, ਮੋਗਾ

ਪੀਰ ਬਾਬਾ ਕਾਹਨੇ ਸ਼ਾਹ ਦਾ ਸਾਲਾਨਾ ਸੱਭਿਆਚਾਰਕ ਮੇਲਾ ਸ਼ਰਧਾ ਨਾਲ ਮਨਾਇਆ

ਕਪੂਰਥਲਾ (ਪ੍ਰੀਤ ਸੰਗੋਜਲਾ)

ਸਮੂਹ ਐਨ ਆਰ ਆਈ ਵੀਰਾਂ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਪੀਰ ਬਾਬਾ ਕਾਹਨੇ ਸ਼ਾਹ ਦਾ ਸੱਲਾਨਾ ਸੱਭਿਆਚਾਰਕ ਮੇਲਾ ਪਿੰਡ ਹਮੀਰਾ ਕਪੂਰਥਲਾ ਵਿਖੇ ਦਰਗਾਹ ਦੇ ਮੁੱਖ ਸੇਵਾਦਾਰ ਬਾਬਾ ਵਿਜ ਕੁਮਾਰ ਹਮੀਰਾ ਦੀ

ਅਗਵਾਈ ਵਿੱਚ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ ।ਮੁੱਖ ਸੇਵਾਦਾਰ ਬਾਬਾ ਵਿਜੇ ਕੁਮਾਰ ਨੇ ਦੱਸਿਆ ਕਿ ਸਭ ਤੋਂ ਪਹਿਲਾਂ ਬਾਬਾ ਜੀ ਦੀ ਦਰਗਾਹ 'ਤੇ ਝੰਡਾ ਅਤੇ ਚਾਦਰ ਚੜ੍ਹਾਉਣ ਦੀ ਰਸਮ ਮਨਜੀਤ ਮਾਨ ਸੂਬਾ ਪ੍ਰਧਾਨ ਜਰਨਲਿਸਟ ਪ੍ਰੈਸ ਕਲੱਬ ਰਜਿ ਪੰਜਾਬ ਅਤੇ ਪ੍ਰੀਤ ਸੰਗੋਜਲਾ ਜ਼ਿਲ੍ਹਾ ਪ੍ਰਧਾਨ ਕਪੂਰਥਲਾ ਸੁਖਵਿੰਦਰ ਸੋਹੀ, ਅਤੇ ਹੋਰ ਸਤਿਕਾਰ ਯੋਗ ਵਿਅਕਤੀਆਂ ਵੱਲੋਂ ਅਦਾ ਕੀਤੀ ਗਈ ।ਮੁੱਖ ਮਹਿਮਾਨਾਂ ਵਜੋਂ ਸੁਖਪਾਲ ਸਿੰਘ ਖਹਿਰਾ ਐਮ ਐਲ ਏ ਭੁਲੱਥ, ਅਡਵੋਕੇਟ ਹਰਸਿਮਰਨ ਸਿੰਘ ਘੁੰਮਣ ਆਮ ਆਦਮੀ ਪਾਰਟੀ , ਅਮਨਦੀਪ ਨਾਰਾ ਐਸ ਐਚ ਓ ਸੁਭਾਨਪੁਰ, ਲਖਵਿੰਦਰ ਸਿੰਘ ਹਮੀਰਾ,ਸੁਖਵਿੰਦਰ ਸੋਹੀ ਜ਼ਿਲ੍ਹਾ ਜਨਰਲ ਸਕੱਤਰ, ਜੋਗਿੰਦਰ ਸਿੰਘ ਜਾਤੀਕੇ ਜ਼ਿਲ੍ਹਾ ਚੇਅਰਮੈਨ ਜਰਨਲਿਸਟ ਪ੍ਰੈਸ ਕਲੱਬ (ਰਜਿ) ਪੰਜਾਬ ,ਲਖਵਿੰਦਰ ਆਧੀ ,ਸਰਵਣ ਸਿੰਘ ਸੰਘਾ , ਚਰਨਜੀਤ ਸਿੰਘ ਹੰਸ ਚੇਅਰਮੈਨ ਐਸੀ ਸੈੱਲ ਕਪੂਰਥਲਾ ਆਦਿ ਨੇ ਸ਼ਿਰਕਤ ਕੀਤੀ। ਉਪਰੰਤ ਸੱਭਿਆਚਾਰ ਸਟੇਜ ਤੋਂ ਪ੍ਰਸਿੱਧ ਗਾਇਕ ਗੁਰਬਖਸ਼ ਸ਼ੌਕੀ, ਗਾਇਕਾਂ ਮਣੀ ਗਿੱਲ, ਦਲਵਿੰਦਰ ਦਿਆਲਪੁਰੀ, ਨਿਸ਼ਾਨ ਉਚੇਵਾਲਾ, ਗਾਇਕ ਜੋੜੀ ਸ਼ਮੀ ਖਾਨ- ਕਿਰਨ ਰੰਧਾਵਾ, ਲਵਿਸ ਚੌਹਾਨ , ਗੁਰਪ੍ਰੀਤ ਸਿੰਘ ਗੋਪੀ, ਬਲਵਿੰਦਰ ਸਿੰਘ ਬੰਟੀ ਪੰਜਾਬ ਪੁਲਿਸ,ਸਰਬਜੀਤ ਸਹੋਤਾ, ਲਵੀ ਮਾਨ, ਰੋਜੀ ਮਾਨ,ਚੰਨੀ ਗਿੱਲ ਆਦਿ ਕਲਾਕਾਰ ਪਹੁੰਚ ਕੇ ਹਾਜ਼ਰ ਦਰਸ਼ਕਾਂ ਦਾ ਮਨੋਰੰਜਨ ਕੀਤਾ। ਇਸ ਮੌਕੇ ਗੁਰੂ ਕੇ ਲੰਗਰ ਅਟੁੱਟ ਵਰਤਾਏ ਅਤੇ ਆਈਆਂ ਸੰਗਤਾਂ ਲਈ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ ਦੋਆਬਾ ਬੱਲਡ ਸੈਂਟਰ ਵੱਲੋਂ ਖੂਨ ਦਾਨ ਕੈਂਪ ਵੀ ਲਗਾਇਆ ਗਿਆ।

ਐੱਸ ਡੀ ਕਾਲਜ 'ਚ ਵਿਸ਼ਵ ਵਾਤਾਵਰਣ ਦਿਵਸ ਮਨਾਇਆ

ਸੁਲਤਾਨਪੁਰ ਲੋਧੀ, (ਹਨੀ)

ਐਸ ਡੀ ਕਾਲਜ ਫਾਰ ਵੂਮੈਨ ਵਿਖੇ ਐਨ.ਐਸ.ਐਸ ਵਿਭਾਗ ਤੇ ਈਕੋ ਕਲੱਬ ਵੱਲੋਂ ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਦੀ ਅਗਵਾਈ ਵਿਚ ਵਾਤਾਵਰਣ ਦਿਵਸ ਮਨਾਇਆ ਗਿਆ। ਇਸ ਦੌਰਾਨ ਸਟਾਫ਼ ਮੈਂਬਰਾਂ ਅਤੇ ਵਿਦਿਆਰਥਣਾਂ ਕਾਲਜ ਕੈਂਪਸ ਵਿੱਚ ਵੱਡੀ ਗਿਣਤੀ ਵਿੱਚ ਛਾਂਦਾਰ ਪੌਦੇ ਲਗਾਏ। ਪ੍ਰਿੰਸੀਪਲ ਡਾ. ਸ਼ੁਕਲਾ ਨੇ ਕਿਹਾ ਕਿ ਪੌਦਿਆਂ ਦਾ ਮਨੁੱਖੀ ਜੀਵਨ ਵਿੱਚ ਬਹੁਤ ਵੱਡਾ ਮਹੱਤਵ ਹੈ, ਜੋ ਸਾਨੂੰ ਜਿਉਂਦੇ ਰਹਿਣ ਲਈ ਆਕਸੀਜਨ ਦਿੰਦੇ ਹਨ।ਉਨ੍ਹਾਂ ਪਲਾਸਟਿਕ ਦੇ ਹਾਨੀਕਾਰਕ ਪ੍ਰਭਾਵਾਂ ਸਬੰਧੀ ਵੀ ਵਿਦਿਆਰਥਣਾਂ ਨੂੰ ਜਾਗਰੂਕ ਕੀਤਾ।ਇਸ ਵਿਸ਼ੇ ਸਬੰਧੀ ਵਿਦਿਆਰਥਣਾਂ ਦਰਮਿਆਨ ਲੇਖ ਪ੍ਰਤੀਯੋਗਤਾ ਵੀ ਕਰਵਾਈ ਗਈ।ਜਿਸ ਵਿਚ ਕਾਲਜ ਦੀਆਂ ਵਿਦਿਆਰਥਣਾਂ ਵੱਡੀ ਗਿਣਤੀ ਵਿਚ ਭਾਗ ਲਿਆ।

ਪੰਜਾਬ ਰਾਜ ਮਹਿਲਾ ਕਮਿਸ਼ਨ ਨੇ 'ਐਮਪਾਵਰਹਰ ਪੰਜਾਬ ਪਹਿਲਕਦਮੀ' ਦੀ ਸ਼ੁਰੂਆਤ ਕੀਤੀ

ਮੋਹਾਲੀ, (ਕ੍ਰਿਸ਼ਨ ਗਰਗ)

ਪੰਜਾਬ ਵਿੱਚ ਔਰਤਾਂ ਲਈ ਇੱਕ ਸੁਰੱਖਿਅਤ, ਭਾਗੀਦਾਰੀ ਭਰਪੂਰ ਅਤੇ ਸਸ਼ਕਤੀਕਰਨ ਵਾਤਾਵਰਣ ਨੂੰ ਉਤਸ਼ਾਹਿਤ ਕਰਨ ਦੀ ਆਪਣੀ ਵਚਨਬੱਧਤਾ ਦੇ ਅਨੁਸਾਰ, ਪੰਜਾਬ ਰਾਜ ਮਹਿਲਾ ਕਮਿਸ਼ਨ ਨੇ ਐਮਐਸਐਮਈ ਪੀਸੀਆਈ (ਮਾਈਕਰੋ, ਸਮਾਲ ਐਂਡ ਮੀਡੀਅਮ ਐਂਟਰਪ੍ਰਾਈਜਿਜ਼ ਪ੍ਰਮੋਸ਼ਨ ਕੌਂਸਲ ਆਫ਼ ਇੰਡੀਆ) ਪੰਜਾਬ ਦੇ ਸਹਿਯੋਗ ਨਾਲ 'ਐਮਪਾਵਰਹਰ ਪੰਜਾਬ ਪਹਿਲਕਦਮੀ' ਦੀ ਸ਼ੁਰੂਆਤ ਕੀਤੀ, ਜਿਸਦਾ ਉਦੇਸ਼ ਰਾਜ ਭਰ ਵਿੱਚ ਔਰਤਾਂ ਅਤੇ ਸਵੈ-ਸਹਾਇਤਾ ਸਮੂਹਾਂ (ਸੈਲਫ਼ ਹੈਲਪ ਗਰੁੱਪਾਂ) ਲਈ ਵੱਖ ਵੱਖ ਖੇਤਰਾਂ ਵਿੱਚ ਬਦਲਾਅ ਲਿਆ ਕੇ ਸਹਿਯੋਗ ਦੇਣਾ ਹੈ।ਚੇਅਰਪਰਸਨ ਰਾਜ ਲਾਲੀ ਗਿੱਲ ਨੇ ਕਿਹਾ ਕਿ ਇਹ ਪਹਿਲਕਦਮੀ ਉੱਦਮਤਾ, ਨਵੀਨਤਾ ਅਤੇ ਸਵੈ-ਸਹਾਇਤਾ ਸਮੂਹ ਸਸ਼ਕਤੀਕਰਨ ਨੂੰ ਉਤਸ਼ਾਹਿਤ ਕਰਨ ਲਈ ਕਮਿਸ਼ਨ ਅਤੇ ਐਮ ਐਸ ਐਮ ਈ ਪੀ ਸੀ ਆਈ ਪੰਜਾਬ ਵਿਚਕਾਰ ਇੱਕ ਮਹੱਤਵਪੂਰਨ ਸਾਂਝੇਦਾਰੀ ਦੀ ਸ਼ੁਰੂਆਤ ਹੈ।'ਐਮਪਾਵਰਹਰ ਪੰਜਾਬ' ਦੇ ਮੁੱਖ ਉਦੇਸ਼ਾਂ ਨੂੰ ਸੂਚੀਬੱਧ ਕਰਦੇ ਹੋਏ, ਚੇਅਰਪਰਸਨ ਸ਼੍ਰੀਮਤੀ ਗਿੱਲ ਨੇ ਕਿਹਾ ਕਿ ਸਾਂਝੀ ਪਹਿਲਕਦਮੀ ਦਾ ਉਦੇਸ਼ ਔਰਤਾਂ ਵਿੱਚ ਸਿਹਤ, ਮਾਨਸਿਕ ਤੰਦਰੁਸਤੀ ਅਤੇ ਸਮਾਜਿਕ ਲੀਡਰਸ਼ਿਪ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਹੈ। ਇਸੇ ਤਰ੍ਹਾਂ, ਸਮਰੱਥਾ ਨਿਰਮਾਣ ਅਤੇ ਸਰੋਤਾਂ ਤੱਕ ਪਹੁੰਚ ਰਾਹੀਂ ਸਵੈ-ਸਹਾਇਤਾ ਸਮੂਹਾਂ ਲਈ ਸਹਾਇਤਾ ਪ੍ਰਣਾਲੀਆਂ ਨੂੰ ਮਜ਼ਬੂਤ ਕਰਨਾ ਅਤੇ ਆਰਥਿਕ ਗਤੀਵਿਧੀਆਂ ਅਤੇ ਨੀਤੀ ਲਾਗੂ ਕਰਨ ਵਿੱਚ ਔਰਤਾਂ ਦੀ ਭਾਗੀਦਾਰੀ ਨੂੰ ਉਤਸ਼ਾਹਿਤ ਕਰਨਾ ਵੀ ਸਹਿਯੋਗ ਦਾ ਹਿੱਸਾ ਹੋਵੇਗਾ।ਉਨ੍ਹਾਂ ਅੱਗੇ ਕਿਹਾ ਕਿ ਸਰਕਾਰੀ ਯੋਜਨਾਵਾਂ, ਸੂਖਮ-ਉੱਦਮ ਵਿਕਾਸ ਅਤੇ ਵਿੱਤੀ ਸਹੂਲਤਾਂ ਬਾਰੇ ਜਾਣਕਾ